# ਮਣੀਆਂ !

**ਇਸੇ ਕਲਮ ਤੋਂ:**

- ਮੈਦਾਨ ਤੋਂ ਘਾਟੀ ਤੱਕ

# ਮਣੀਆਂ !

**ਬਲਦੇਵ ਸਿੰਘ ਮਨੇਸ**

International Publishers
of Indian and Foreign Languages

*Poetry/Punjabi Poetry*

ISBN : 978-93-5068-159-6
Price : 150/-

**Maniaan**

*by*

**Baldev Singh Manes**
2556, Urban Estate, Phase-2,
Part-2, Patiala, Punjab-147102
Mob: 09779280034 (Punjab)
Mob: 09622713900 (Kashmir)

2012
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana,
98154-71219
Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

*©, 2012*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਉਹਨਾਂ ਰਾਹੀਂਆਂ ਦੇ ਨਾਂ,
ਜੋ ਰਾਹਾਂ ਤੇ ਚੱਲਦੇ-ਚੱਲਦੇ,
ਰਾਹਾਂ ਦੇ ਹੋ ਗਏ,
ਤੇ ਰਾਹ ਰਾਹੀਂਆਂ ਦੇ।

ਸਫਲਿਓ ਬਿਰਖੁ ਹਰਿਆਵਲਾ ਛਾਵ ਘਨੇਰੀ ਹੋਇ॥
ਲਾਲ ਜਵੇਹਰ ਮਾਣਕੀ ਗੁਰ ਭੰਡਾਰੇ ਸੋਇ॥

*ਸ਼੍ਰੀ ਗੁਰੂ ਨਾਨਕ ਦੇਵ ਜੀ*

ਬਿਰਖ ਜੰਮਿਓ ਹੈ ਪਾਰਜਾਤ॥
ਫੂਲ ਲਗੇ ਫਲ ਰਤਨ ਭਾਤਿ॥

*ਸ਼੍ਰੀ ਗੁਰੂ ਅਰਜਨ ਦੇਵ ਜੀ*

# ਤਤਕਰਾ


| | | |
|---|---|---|
| 1. | ਰਹਿਮਤਾਂ | 19 |
| 2. | ਕੱਤ ਲੈਣ ਦੇ ਪੂਣੀ ਵੇ! | 21 |
| 3. | ਬਸੰਤੀ ਸਵੇਰ | 22 |
| 4. | ਕੁੱਲੂ | 23 |
| 5. | ਅੰਮ੍ਰਿਤ ਬੂੰਦਾਂ | 25 |
| 6. | ਹਿੰਦੋਸਤਾਨ ਦੀ ਸੈਰ | 26 |
| 7. | ਤਮੰਨਾ | 28 |
| 8. | ਇੱਕ ਛੋਪਾ! | 30 |
| 9. | ਮੈਂ ਤੇ ਮੇਰਾ ਗਰਾਂ | 31 |
| 10. | ਸ਼ੰਗ੍ਰੀਲਾ ਹੁੰਝਾ ਤੇ ਪੰਜਾਬ | 32 |
| 11. | ਪਿਆਰ ਦੇ ਸਰੋਤ ਸੁੱਕ ਗਏ | 35 |
| 12. | ਨੀਂ ਪੰਜਾਬਣੇ! | 38 |
| 13. | ਅਗਨ | 40 |
| 14. | ਕਵੀ | 42 |
| 15. | ਕੋਈ ਗੀਤ ਅਗੰਮੀ ਗਾਈਏ | 43 |
| 16. | ਇੱਕੌਂਕਾਰ | 44 |
| 17. | ਸਰੋਂ ਦੇ ਫੁੱਲ | 46 |
| 18. | ਮਨਸਰ | 48 |
| 19. | ਝਾਰਖੰਡ | 49 |
| 20. | ਬਸੰਤ | 51 |
| 21. | ਅੱਖੀਆਂ | 52 |
| 22. | ਚਲਾ ਚੱਲ...... | 54 |
| 23. | ਰਾਹੇ ਰਾਹੇ...... | 58 |
| 24. | ਲੱਭਦੀ ਬਾਪੂ ਦੀ ਡੰਗੋਰੀ! | 61 |
| 25. | ਮੱਖੀ ਮੱਖੀ | 63 |
| 26. | ਗਹਿਰਾਟ | 64 |
| 27. | ਪੰਜ ਤੋਂ ਪੰਜ ਕਵਿਤਾਵਾਂ | 68 |
| 28. | ਮੰਜੈਂਟੀ ਫ਼ੁੱਲ | 78 |

| | | |
|---|---|---|
| **29.** | ਈਦ ਮੁਬਾਰਕ! | **80** |
| **30.** | ਕਿਉਂ? | **81** |
| **31.** | ਕਵਿਤਾ | **83** |
| **32.** | ਆਵਾਜ਼ | **86** |
| **33.** | ਵੇ ਫ਼ਜ਼ਰ ਦੇ ਤਾਰਿਆ! | **89** |
| **34.** | ਆਉ ਮਿੱਤਰੋ! | **91** |
| **35.** | ਤ੍ਰੈ ਭੂਮੀਆਂ | **97** |
| **36.** | ਨੀਂ ਵਾਸ ਤੇਰਾ ਦੂਰ ਸੋਹਣੀਏ! | **99** |
| **37.** | ਕਵਿਤਾ ਦੀਏ ਕੜੀਏ! | **101** |
| **38.** | ਹੋ...... | **103** |
| **39.** | ਯਾਦਾਂ ਦੀ ਉਡਾਰੀ | **106** |
| **40.** | ਝਰਨਾ | **112** |
| **41.** | ਘਾਹ ਰੁੱਖ ਤੇ ਮਨੁੱਖ | **114** |
| **42.** | ਸ਼ਮਾਂ ਜਲਾਉ ਪਿਆਰ ਦੀ | **116** |
| **43.** | ਉਲਟੇ ਮੁੱਕੇ | **119** |
| **44.** | ਸੁਨਿਹਰੀ ਫ਼ੁੱਲ | **121** |
| **45.** | ਹਰੀ ਲਹਿਰ | **123** |
| **46.** | ਮਣੀਆਂ! | **126** |

# ਕਲਮ ਦੇ ਝਰੋਖੇ 'ਚੋਂ

ਕਹਿੰਦੇ ਹਨ ਕਿ ਜਦੋਂ ਪਰਮਾਤਮਾ ਨੇ ਆਦਮੀ ਨੂੰ ਸਿਰਜ ਲਿਆ ਤਾਂ ਉਸਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤੇ ਇਕਦਮ ਉਦਾਸ ਹੋ ਗਿਆ। ਚਿੰਤਾ ਦੇ ਨਿਵਾਰਨ ਲਈ ਮੰਤਰੀਆਂ ਦੀ ਮੀਟਿੰਗ ਬੁਲਾਈ ਗਈ। ਆਪਣੀ ਗਲਤੀ ਤੇ ਚਿੰਤਾ ਸਾਂਝੀ ਕਰਦੇ ਹੋਏ ਪਰਮਾਤਮਾ ਨੇ ਕਿਹਾ:

'ਆਦਮੀਂ ਨੇ ਮੈਨੂੰ ਚੈਨ ਨਾਲ ਨਹੀਂ ਰਹਿਣ ਦੇਣਾ।
ਇਸ ਸਿਰਦਰਦੀ ਤੋਂ ਮੁਕਤੀ ਦਾ ਰਾਹ ਸੁਝਾਓ'।

ਇਹ ਸੁਣਕੇ ਸਭ ਵਜ਼ੀਰ ਸੋਚਾਂ ਵਿੱਚ ਪੈ ਗਏ। ਇੱਕ ਵਜ਼ੀਰ ਬੋਲਿਆ:

'ਤੁਸੀਂ ਇਸ ਤਰ੍ਹਾਂ ਕਰੋ ਕਿ ਹਿਮਾਲਿਆ ਦੀ ਸਭ ਤੋਂ ਉੱਚੀ ਚੋਟੀ,
ਮਾਊਂਟ ਐਵਰੈਸਟ ਤੇ ਜਾ ਕੇ ਆਪਣਾ ਆਸਣ ਲਗਾ ਲਉ'।

'ਨਹੀਂ! ਇਹ ਉੱਥੇ ਵੀ ਜਲਦੀ ਪਹੁੰਚ ਜਾਵੇਗਾ' ਪ੍ਰਮਾਤਮਾ ਬੋਲਿਆ।

'ਤਾਂ ਫਿਰ ਤੁਸੀਂ ਚੰਨ ਤੇ ਜਾ ਬਿਰਾਜੋ' ਦੂਸਰੇ ਮੰਤਰੀ ਨੇ ਵਿਚਾਰ ਦਿੱਤਾ।

'ਨਹੀਂ! ਇਹ ਉੱਥੇ ਵੀ ਪਹੁੰਚ ਜਾਵੇਗਾ' ਰੱਬ ਨੇ ਉਦਾਸੀ ਭਰੇ ਸਵਰ 'ਚ ਕਿਹਾ।

'ਅੱਛਾ!, ਫਿਰ ਇੰਝ ਕਰੋ, ਤੁਸੀਂ ਆਦਮੀ ਦੇ ਦਿਲ 'ਚ ਲੁਕ ਕੇ ਬੈਠ ਜਾਵੋ' ਸਭ ਤੋਂ ਬਜ਼ੁਰਗ ਵਜ਼ੀਰ ਨੇ ਸਲਾਹ ਦਿੱਤੀ।

'ਹਾਂ!' ਇਹ ਬਿਲਕੁਲ ਠੀਕ ਹੈ!' ਰੱਬ ਨੂੰ ਤਜਵੀਜ ਪਸੰਦ ਆਈ ਤੇ ਤੁਰੰਤ ਪਾਸ ਕਰ ਦਿੱਤੀ। ਉਦੋਂ ਤੋ ਰੱਬ, ਬੰਦੇ ਤੋਂ ਡਰਦਾ ਬੰਦੇ ਦੇ ਦਿਲ 'ਚ ਜਾ ਛੁਪਿਆ ਹੈ। ਬੰਦਾ ਦੁਨੀਆਂ ਦੀ ਹਰ ਸ਼ੈ ਜਾਣ ਤੇ ਪਾ ਲੈਣੀ ਚਾਹੁੰਦਾ ਹੈ, ਸਿਵਾਏ ਆਪਣੇ ਆਪ ਤੋਂ! ਬੰਦੇ ਨੂੰ ਦੁਨੀਆਂ ਦੀ ਹਰ ਚੀਜ਼ ਚਾਹੀਦੀ ਹੈ- ਗੁੜ ਤੋਂ ਗੋਬਰ ਤੱਕ! ਪੱਥਰ ਤੋਂ ਫ਼ੁੱਲ ਤੱਕ, ਮਿੱਟੀ ਤੋਂ ਹੀਰੇ ਤੱਕ! ਬੱਸ ਇਸੇ ਲਈ ਆਦਮੀ ਭਟਕ ਗਿਆ ਏ ਅਤੇ ਭਟਕ ਰਿਹਾ ਹੈ। ਪੱਥਰਾਂ ਗੀਟਿਆਂ ਦੇ ਪਿੱਛੇ ਦੌੜਦੇ ਬੰਦੇ ਦੀਆਂ ਸਿਰਜੀਆਂ ਬਸਤੀਆਂ ਵੀ ਪੱਥਰਾਂ ਦੇ ਜੰਗਲਾਂ ਵਿੱਚ ਤਬਦੀਲ ਹੋ ਰਹੀਆਂ ਹਨ, ਤੇ ਬੰਦਾ ਖੁਦ ਵੀ ਪੱਥਰ ਦਿਲ ਹੁੰਦਾ ਜਾ ਰਿਹਾ ਹੈ।

ਮਨੁੱਖ ਨੇ ਆਪਣੀਆਂ ਜਰੂਰਤਾਂ ਨੂੰ ਸੀਮਿਤ ਨਾ ਕਰਕੇ ਅਸੀਮ ਕਰ ਲਿਆ ਹੈ, ਜਿਸ ਕਰਕੇ ਆਦਮੀਂ ਦੀ ਲਾਲਸਾ ਵੀ ਹੱਦਾਂ ਬੰਨੇ ਪਾਰ ਕਰ ਗਈ ਹੈ। ਮਨੁੱਖ ਬੜੀ ਤੇਜ਼ ਗਤੀ ਨਾਲ ਕੁਦਰਤ ਦਾ ਘਾਣ ਕਰਦਾ ਜਾ ਰਿਹਾ ਹੈ। ਕੁਦਰਤ ਕੁਹਰਾਅ ਰਹੀ ਹੈ। ਆਦਮੀਂ ਨੇ ਧਰਤੀ ਦੀ ਨਸ-ਨਸ ਵਿੱਚ ਜ਼ਹਿਰ ਭਰ ਦਿੱਤਾ ਹੈ। ਅਤੇ ਉਹੀ ਜ਼ਹਿਰ ਦਿਨ ਰਾਤ ਖੁਦ ਵੀ ਨਿਗਲ ਰਿਹਾ ਹੈ।

ਜਿਸਨੇ ਮਨੁੱਖ ਦੇ ਵਿਵਹਾਰ ਨੂੰ ਵੀ ਗੰਧਲਾ ਕਰਕੇ ਰੱਖ ਦਿੱਤਾ ਹੈ।ਇਸ ਗੰਧਲੇਪਣ ਨੇ ਇਸਦੇ ਵਿਵਹਾਰ ਨੂੰ ਵੀ ਕੁਰਾਹੇ ਪਾ ਦਿੱਤਾ ਹੈ। ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ, ਆਦਮੀਂ ਦੁਆਰਾ ਕੁਦਰਤ ਦੀ ਹੋ ਰਹੀ ਬੇਰੋਕ ਲੁੱਟ-ਖਸੁੱਟ ਨੂੰ ਹੁੰਦੇ ਦੇਖਕੇ ਹੀ ਸ਼ਾਇਦ ਕਿਹਾ ਸੀ:

"ਕੁਦਰਤ ਕੋਲ ਆਦਮੀਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਾਧੂ ਹੈ,
ਪਰ ਲਾਲਸਾ ਲਈ ਨਹੀਂ"।

ਮਨੁੱਖ ਨੇ ਆਪਣੇ ਚੌਗਿਰਦੇ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰਕੇ ਰੱਖ ਦਿੱਤਾ। ਮਨੁੱਖ ਨੇ ਪਰਬਤਾਂ ਦੀਆਂ ਹਰੀਆਂ ਭਰੀਆਂ ਚੋਟੀਆਂ ਤੋਂ ਰੁੱਖਾਂ ਨੂੰ ਬੇਰਹਿਮੀ ਨਾਲ ਸਾਫ਼ ਕਰਕੇ ਰੁੰਡ-ਮਰੁੰਡ ਕਰ ਦਿੱਤਾ ਹੈ, ਜੋ ਆਦਮੀ ਨੂੰ ਮੂੰਹ ਚਿੜਾਉਂਦੀਆਂ ਹੋਈਆਂ ਆਪਣੇ ਦਰਪਣ ਵਿੱਚੋਂ ਉਸਦਾ ਮੂੰਹ ਦਿਖਾ ਰਹੀਆਂ ਹਨ। ਨਦੀਆਂ ਦੇ ਸ਼ੀਸ਼ੇ ਵਰਗੇ ਸਾਫ ਤੇ ਕੁੰਗੂ ਵਰਗੇ ਪਾਕ ਜਲ ਨੂੰ, ਸ਼ਹਿਰਾਂ ਤੇ ਕਾਰਖਾਨਿਆਂ ਦਾ ਗੰਦ-ਮੰਦ ਸੁੱਟ ਕੇ ਦੁਰਗੰਧ ਛੱਡਦੇ ਗੰਦੇ ਨਾਲਿਆਂ ਵਿੱਚ ਤਬਦੀਲ ਕਰ ਦਿੱਤਾ ਹੈ, ਜੋ ਕਿਨਾਰਿਆਂ ਤੇ ਵਸਦੇ ਲੋਕਾਂ ਨੂੰ ਅਣਗਿਣਤ ਬਿਮਾਰੀਆਂ ਬੇਰੋਕ-ਟੋਕ ਤੋਹਫੇ ਦੇ ਤੌਰ ਤੇ ਭੇਂਟ ਕਰ ਰਹੀਆਂ ਹਨ। ਖੇਤੀ ਵਿੱਚ ਖ਼ਤਰਨਾਕ ਰਸਾਇਣਾਂ ਦੀ ਵਰਤੋਂ ਨੇ, ਬਹੁਤ ਸਾਰੇ ਸੂਖਸ਼ਮ ਜੀਵਾਂ ਨੂੰ ਚੀਕ ਮਾਰਨ ਦਾ ਮੌਕਾ ਵੀ ਨਾ ਦਿੱਤਾ, ਤੇ ਸਦਾ ਦੀ ਨੀਂਦ ਸਵਾ ਦਿੱਤਾ।ਜਗ੍ਹਾ-ਜਗ੍ਹਾਂ ਗ਼ੰਦਗੀ ਦੇ ਢੇਰਾ ਨੇ ਜ਼ਮੀਨ ਦੀ ਕੁੱਖ ਵਿੱਚ ਜ਼ਹਿਰ ਭਰ ਦਿੱਤਾ ਹੈ। ਪਲਾਸਟਿਕ ਦੀਆਂ ਥੈਲੀਆਂ ਤੇ ਬੋਤਲਾਂ ਨੂੰ, ਜੋ ਆਪਣੀ ਹੋਂਦ ਨੂੰ ਗਆਉਂਦੀਆਂ ਹੀ ਨਹੀਂ; ਇੱਧਰ-ਉੱਧਰ ਸੁੱਟ ਕੇ ਸਦਾ ਲਈ ਜ਼ਮੀਨ ਨੂੰ ਅਧਰੰਗ ਕਰ ਦਿੱਤਾ ਹੈ। ਫੈਕਟਰੀਆਂ, ਗੱਡੀਆਂ, ਜਹਾਜ਼ਾਂ, ਪਰਮਾਣੂ ਊਰਜਾ ਦੇ ਪਲਾਂਟਾਂ ਵਿੱਚੋ ਨਿਕਲਦੇ ਵਿਕਿਰਣ ਤੇ ਖਤਰਨਾਕ ਰਸਾਇਣਿਕ ਹਥਿਆਰਾਂ ਦੀ ਤਬਾਹੀ ਨੇ ਵਾਯੂ-ਮੰਡਲ ਨੂੰ ਇਸ ਕਦਰ ਵਿਸ਼ੈਲਾ ਬਣਾ ਦਿੱਤਾ ਹੈ ਕਿ ਮਨੁੱਖ ਕੈਂਸਰ ਵਰਗੇ ਮਾਰੂ ਰੋਗਾਂ ਦਾ ਸ਼ਿਕਾਰ ਹੋ ਕੇ, ਧਰਤੀ ਦੀਆਂ ਪਹਿਲਾਂ ਹੀ ਬੇਸ਼ੁਮਾਰ ਪੀੜਾਂ ਵਿੱਚ ਵਾਧਾ ਕਰ ਰਿਹਾ ਹੈ। ਮੌਸਮਾਂ ਦੇ ਚੱਕਰ ਵਿੱਚ ਐਸਾ ਬਦਲਾਵ ਹੋਇਆ ਹੈ ਕਿ ਬੇਰੁੱਤੇ ਹੜਾਂ ਤੇ ਸੋਕਿਆਂ ਨਾਲ ਬਸਤੀਆਂ, ਫਸਲਾਂ, ਰੁੱਖਾਂ, ਜੀਵ-ਜੰਤੂਆਂ ਤੇ ਪਸ਼ੂ-ਪੰਛੀਆਂ ਤੇ ਘਾਤਕ ਅਸਰ ਹੋਇਆ ਹੈ। ਇਸ ਸਭ ਵਰਤਾਰੇ ਨੇ ਆਦਮੀ ਦੇ ਸਮਾਜਿਕ ਜੀਵਨ ਤੇ ਅਜਿਹਾ ਮਾਰੂ ਅਸਰ ਪਾਇਆ ਹੈ ਕਿ ਆਦਮੀ ਦਿਨ-ਪ੍ਰਤੀ ਦਿਨ ਬੇਗਾਨਗੀ, ਗੁੱਸੇ, ਕ੍ਰੋਧ, ਚੋਰ-ਬਜ਼ਾਰੀ, ਭ੍ਰਿਸ਼ਟਾਚਾਰੀ ਤੇ ਨਸ਼ਾਖੋਰੀ ਆਦਿ ਪ੍ਰਵਿਰਤੀਆਂ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਗਰੀਬੀ ਤੇ ਮਹਿੰਗਾਈ ਦਾ ਅਜ਼ਗਰ ਇਸ ਤਰ੍ਹਾਂ ਮੂੰਹ ਫੈਲਾ ਰਿਹਾ ਹੈ ਜਿਸ ਤਰ੍ਹਾਂ ਆਦਮੀ ਨੂੰ ਹੜੱਪ ਜਾਣਾ ਹੋਵੇ। ਇਸ ਤੋਂ ਇਲਾਵਾ ਆਦਮੀ 'ਚ ਦਿਨ-

ਪ੍ਰਤੀ ਦਿਨ ਬਾਂਝਪਣ ਦੀ ਸਮੱਸਿਆ ਵਧ ਰਹੀ ਹੈ, ਜਿਸਨੇ ਕਈ ਘਰਾਂ 'ਚੋਂ ਬੱਚਿਆਂ ਦੀਆਂ ਮਾਸੂਮ ਕਿਲਕਾਰੀਆਂ ਦੇ ਦਾਖ਼ਲੇ ਲਈ ਦਰਵਾਜ਼ਾ ਹਮੇਸ਼ਾਂ ਲਈ ਬੰਦ ਕਰਕੇ ਰੱਖ ਦਿੱਤਾ ਹੈ। ਘਰਾਂ ਦੇ ਵਿੱਚ ਨਿਰਾਸਤਾ ਦਾ ਅਜਿਹਾ ਆਲਮ ਸਿਰਜਕੇ ਰੱਖ ਦਿੱਤਾ ਹੈ ਕਿ ਇੱਕ ਹੀ ਛੱਤ ਥੱਲੇ ਦਿਲਾਂ ਦੀਆਂ ਦੂਰੀਆਂ ਇੰਨੀਆਂ ਵਧ ਗਈਆਂ ਹਨ ਜਿੰਨੀਆਂ ਸੰਚਾਰ ਦੇ ਸਾਧਨਾਂ ਤੋਂ ਪਹਿਲਾਂ ਨੀਲੀ ਛੱਤ ਦੇ ਥੱਲੇ ਪਾਈਆਂ ਜਾਂਦੀਆਂ ਸਨ। ਘਰੇਲੂ ਹਿੰਸਾ, ਤਲਾਕ ਤੇ ਬਲਾਤਕਾਰ ਵਧ ਰਹੇ ਹਨ ਤੇ ਆਦਮੀਂ ਦੀਆਂ ਜੁੱਤੀਆਂ ਦੇ ਘਸਦੇ ਤਲੇ ਕਚਿਹਰੀਆਂ ਦੇ ਚੱਕਰ ਕੱਢਦਿਆਂ-ਕੱਢਦਿਆਂ ਆਦਮੀਂ ਨੂੰ ਆਪਣੇ ਘਸਣ ਦਾ ਅਹਿਸਾਸ ਦੁਆ ਰਹੀਆਂ ਹਨ। ਵਕੀਲਾਂ ਦੀਆਂ ਫੀਸਾਂ ਹਨੂੰਮਾਨ ਦੀ ਪੂੰਛ ਅਤੇ ਦਰੋਪਤੀ ਦੀ ਸਾੜੀ ਦੇ ਪੱਲੂ ਵਾਂਗੂੰ ਵਧਦੀਆਂ ਹੀ ਜਾਂਦੀਆਂ ਹਨ, ਜੋ ਇਨਸਾਨ ਦੀ ਆਰਥਿਕ ਅਤੇ ਮਾਨਸਿਕ ਪ੍ਰੇਸ਼ਾਨੀ ਵਿੱਚ ਕੌੜੀ ਵੇਲ ਵਾਗੂੰ ਵਾਧਾ ਕਰਦੀਆਂ ਹਨ। ਮਾਨਸਿਕ ਤਨਾਵਾਂ ਤੇ ਬਿਮਾਰੀਆਂ ਨੇ ਆਦਮੀਂ ਨੂੰ ਆਪਣੀ ਗਰਿਫ਼ਤ 'ਚ ਲੈ ਲਿਆ ਹੈ। ਟਨਾਂ ਦੇ ਟਨ ਦਵਾਈਆਂ ਇੰਝ ਚਟਮ ਹੋ ਰਹੀਆਂ ਹਨ ਜਿਵੇਂ ਜੰਗਲ ਵਿੱਚ ਸਿਊਂਕ ਵੱਡੇ-ਵੱਡੇ ਰੁੱਖਾਂ ਨੂੰ ਰਾਤੋ-ਰਾਤ ਚਟਮ ਕਰ ਜਾਂਦੀ ਹੈ। ਮਾਨਸਿਕ ਰੋਗਾਂ ਦੇ ਹਸਲਪਤਾਲਾਂ ਦੀ ਲੋੜ ਨਿਰੰਤਰ ਵਧਦੀ ਜਾ ਰਹੀ ਹੈ। ਮਨੁੱਖ ਇਸ ਤਰ੍ਹਾਂ ਦੇ ਚੌਰਾਸੀ ਦੇ ਗੇੜ ਵਿੱਚ ਉਲਝ ਗਿਆ ਹੈ ਕਿ ਇਸਨੇ ਧਰਤੀ ਦਾ ਸ਼ਿੰਗਾਰ ਦਿਨ ਦਿਹਾੜੇ ਲੁੱਟ ਲਿਆ ਹੈ ਅਤੇ ਧਰਤੀ ਮਾਂ ਨੂੰ ਕੰਨੋਬੁੱਚੀ ਕਰਕੇ ਰੱਖ ਦਿੱਤਾ ਹੈ। ਆਦਮੀਂ ਦੀ ਇਹ ਹਾਲਤ ਹੋ ਗਈ ਹੈ ਕਿ ਜੋ ਹੱਥ ਇਸਨੂੰ ਖੁਆ ਰਿਹਾ ਹੈ, ਇਹ ਉਸੇ ਹੱਥ ਨੂੰ ਕੱਟ ਰਿਹਾ ਹੈ, ਜਦੋਂ ਕਿ ਕੁੱਤੇ ਵਰਗਾ ਜਾਨਵਰ ਵੀ ਕਦੇ ਉਸ ਹੱਥ ਨੂੰ ਨਹੀਂ ਕੱਟਦਾ ਜੋ ਉਸਨੂੰ ਖੁਆਉਂਦਾ ਹੈ, ਬਲਕਿ ਪੂਛ ਹਿਲਾਉਂਦਾ, ਪੈਰਾਂ ਨੂੰ ਚੱਟਦਾ, ਧਰਤੀ ਤੇ ਵਿਛਦਾ ਸ਼ੁਕਰਾਨਾ ਪੇਸ਼ ਕਰਦਾ ਹੈ। ਅੰਗਰੇਜ਼ੀ ਦੇ ਲੇਖਕ ਮਾਰਕ ਟਵੇਨ ਨੇ ਮਨੁੱਖ ਦੀ ਅਕ੍ਰਿਤੱਗਤਾ ਵਾਲੀ ਰੁਚੀ ਨੂੰ ਵਿਅਕਤ ਕਰਦੇ ਹੋਏ ਲਿਖਿਆ ਸੀ:

> "ਜਿਹੜਾ ਹੱਥ ਕੁੱਤੇ ਨੂੰ ਖੁਆਉਂਦਾ ਹੈ, ਇਹ ਉਸਨੂੰ ਨਹੀਂ ਵੱਢਦਾ, ਮਨੁੱਖ ਤੇ ਕੁੱਤੇ ਵਿੱਚ ਇਹੀ ਫਰਕ ਹੈ"।

ਆਦਮੀਂ ਦੀਆਂ ਲਾਲਸਾਵਾਂ ਦਾ ਆਰੰਭ ਉਦੋਂ ਹੀ ਹੋ ਗਿਆ ਜਦੋਂ ਮਨੁੱਖ ਨੇ ਆਪਣੇ ਅੰਦਰ ਜਾਇਦਾਦ ਦੀ ਮਾਲਕੀ ਦਾ ਸੰਕਲਪ ਧਾਰਨ ਕਰ ਲਿਆ। ਆਦਮੀਂ ਪਰਿਵਾਰ ਬਣਾ ਕੇ ਬਾਲ-ਬੱਚੇ ਨਾਲ ਇੱਕ ਜਗ੍ਹਾ ਰਹਿਣ ਲੱਗਾ। ਇਸ ਤਰ੍ਹਾਂ ਆਦਮੀਂ ਦਾ ਕੁਦਰਤ ਦੀ ਗੋਦ ਵਿੱਚ ਬੀਤਦਾ ਹੋਇਆ ਸ਼ਾਂਤ ਜੀਵਨ ਅਸ਼ਾਂਤੀ ਵਾਲੇ ਪਾਸੇ ਵਧਿਆ। ਦੌੜਦਾ-ਦੌੜਦਾ ਮਨੁੱਖ ਜਦੋਂ ਹੰਭਣ ਲੱਗਾ ਤਾਂ ਲੋੜ ਕਾਢ ਦੀ ਮਾਂ ਬਣ ਗਈ। ਇਸ ਤਰ੍ਹਾਂ ਮਨੁੱਖ ਛੋਟੇ-

ਛੋਟੇ ਜੁਗਾੜਾਂ ਦਾ ਜੁਗਾੜ ਕਰਦਾ ਹੋਇਆ ਅੱਜ ਦੇ ਗੁੰਝਲਦਾਰ ਤੇ ਤੇਜ਼ ਮਸ਼ੀਨੀ ਯੁੱਗ ਵਿੱਚ ਪ੍ਰਵੇਸ਼ ਕਰ ਗਿਆ ਹੈ। ਮਸ਼ੀਨ ਦੀ ਸੰਗਤ ਨੇ ਅਜਿਹੀ ਰੰਗਤ ਚੜਾਈ ਕਿ ਆਦਮੀ ਦਾ ਦਿਮਾਗ ਸੁੰਗੜ ਕੇ ਨਿਸ਼ਚਿਤ ਰਾਹਾਂ ਦਾ ਪਾਂਧੀ ਹੋ ਗਿਆ ਹੈ। ਫ਼ਲਸਰੂਪ ਜ਼ਿੰਦਗੀ ਘੁਟਨ ਨਾਲ ਭਰ ਗਈ ਹੈ। ਸਮਾਜ ਹਮੇਸ਼ਾ ਮਸ਼ੀਨ ਤੇ ਮਸ਼ੀਨ ਵਰਗਾ ਆਦਮੀ ਹੀ ਚਾਹੁੰਦਾ ਹੈ। ਰਾਜਾ, ਜੋ ਪੂਰੇ ਸਮਾਜ ਦਾ ਸਰਵਉੱਚ ਨੁਮਾਂਇਦਾ ਹੁੰਦਾ ਹੈ, ਕਦੇ ਵੀ ਨਹੀਂ ਚਾਹੁੰਦਾ ਕਿ ਉਸਦੀ ਪਰਜਾ ਉਸਦੀ ਸੋਚ ਤੋਂ ਪਰੇ ਹਟ ਕੇ ਚੱਲੇ, ਅਫ਼ਸਰ ਨਹੀਂ ਚਾਹੁੰਦਾ ਕਿ ਉਸਦੇ ਮਾਤਹਿਤ ਉਸਦੀ ਸੋਚਣੀ ਤੇ ਕਿੰਤੂ-ਪਰੰਤੂ ਕਰਨ ਤੇ ਪਿਤਾ ਨਹੀਂ ਚਾਹੁੰਦਾ ਕਿ ਪੁੱਤਰ ਉਸਦੀ ਸੱਤਾ ਨੂੰ ਵੰਗਾਰੇ। ਸਭ ਸੱਤਾਧਾਰੀ ਗੋਬਰ ਗਨੇਸ਼ਾਂ ਦੇ ਪੁਜਾਰੀ ਬਣੇ ਬੈਠੇ ਹਨ, ਕਿਉਂਕਿ ਸਾਰਥਿਕ ਬਦਲਾਵ ਉਹਨਾਂ ਦੇ ਨਿਜ਼ਾਮ ਦੀਆਂ ਨੀਹਾਂ ਨੂੰ ਹਿਲਾਉਂਦਾ ਹੈ ਅਤੇ ਜੀਵਨ ਵਿੱਚ ਨਵੀਂਆਂ ਸੋਚਾਂ ਤੇ ਖੁਸ਼ੀਆਂ-ਖੇੜਿਆਂ ਵੱਲ ਅਗਰਸਰ ਹੁੰਦਾ ਹੈ। ਅੱਜ ਦਾ ਨਿਜ਼ਾਮ ਨਕਾਰਾਤਮਕ ਤੇ ਨਿਕੰਮਾ ਹੋ ਜ਼ਿੰਦਗੀ ਨਾਲੋਂ ਮੌਤ ਦਾ ਪੁਜਾਰੀ ਬਣ ਬੈਠਾ ਹੈ!

ਮਨੁੱਖ ਦੀ ਹਾਉਮੈਂ ਨੇ ਆਦਮੀਂ ਦੀ ਬੁੱਧੀ ਤੇ ਇਸ ਤਰ੍ਹਾਂ ਪਰਦਾ ਪਾਇਆ ਹੈ ਜਿਵੇਂ ਇਹ ਹਨੇਰ ਕੋਠੜੀ ਵਿੱਚ ਕੈਦ ਹੋ ਗਈ ਹੋਵੇ, ਇਸਨੇ ਇਸਨੂੰ ਪਰਮ-ਪਿਤਾ ਪ੍ਰਮੇਸ਼ਵਰ ਦੀਆਂ ਬਰਕਤਾਂ ਪ੍ਰਾਪਤ ਕਰਨ ਤੇ ਉਸਦੇ ਰਾਜ਼ਾਂ ਨੂੰ ਸਮਝ ਕੇ ਆਨੰਦਿਤ ਹੋਣ ਤੇ ਉਸ ਪ੍ਰਤੀ ਕਰਤਿੱਗਿਅਤਾ ਦਿਖਾਉਣ ਦੀ ਬਜਾਏ, ਦੋਹਾਂ ਵਿਚਾਲੇ ਦੀਵਾਰ ਖੜੀ ਕਰ ਦਿੱਤੀ ਹੈ। ਹਾਉਮੈਂ; ਕਾਮ, ਕ੍ਰੋਧ, ਲੋਭ, ਮੋਹ ਦੀ ਮਾਂ ਹੈ। ਇਹ ਇਨਸਾਨ ਦੇ ਅੰਦਰ ਪੂਰੇ ਪਰਿਵਾਰ ਸਮੇਤ ਪ੍ਰਵੇਸ਼ ਕਰਦੀ ਹੈ ਜੋ ਆਦਮੀ ਦੇ ਦੁਸ਼ਮਣ ਹਨ। ਇਹਨਾਂ ਦੀ ਪਕੜ ਵਿੱਚ ਫਸਿਆ ਬੰਦਾ ਅੱਜ ਇਸ ਤਰ੍ਹਾਂ ਵਿਵਹਾਰ ਕਰ ਰਿਹਾ ਹੈ ਕਿ ਆਦਮੀਂ ਨੇ ਆਪਣੇ ਇਰਦ-ਗਿਰਦ ਸਵਰਗ ਦੀ ਬਜਾਏ ਨਰਕ ਨਿਰਮਿਤ ਕਰ ਲਿਆ ਹੈ। ਕੋਈ ਵੀ ਆਦਮੀਂ ਉਹ ਨਹੀਂ ਬਣਨਾ ਚਾਹੁੰਦਾ ਜਿਸਦਾ ਦਾ ਕਣ ਪਰਮਾਤਮਾ ਨੇ ਉਸਦੇ ਅੰਦਰ ਪਾਇਆ ਹੈ। ਨਿੰਮ, ਅੰਬ ਬਣਨ ਦੀ ਦੌੜ ਵਿੱਚ ਤੇ ਅੰਬ, ਸੇਬ ਬਣਨ ਦੀ ਦੌੜ ਵਿੱਚ ਲੱਗਾ ਹੋਇਆ ਹੈ! ਇਹ ਸਭ ਕਰਮ ਆਦਮੀ ਨੂੰ, ਸਮਾਜ ਆਦਰਸ਼ਵਾਦ ਦਾ ਚੋਲਾ ਪਹਿਨਾ ਕੇ ਕਰਵਾ ਰਿਹਾ ਹੈ, ਜਿਸਨੇ ਆਦਮੀ ਨੂੰ ਪਾਖੰਡ ਦੇ ਰਾਹ ਤੋਰ ਦਿੱਤਾ ਹੈ। ਜਦੋਂ ਆਦਮੀਂ ਆਪਣੇ ਮੂਲ ਅਾਂਤਰਿਕ ਗੁਣਾ ਤੇ ਪ੍ਰਤਿਭਾ ਨੂੰ ਦਬਾ ਕੇ ਕਿਸੇ ਹੋਰ ਦੀ ਨਕਲ ਕਰਕੇ ਕੁੱਝ ਹੋਰ ਬਣਨ ਦੀ ਕੋਸ਼ਿਸ਼ ਕਰਦਾ ਹੈ ਤਾਂ ਇਹ ਆਦਰਸ਼ਵਾਦ ਆਦਮੀਂ ਦੇ ਅੰਦਰ ਇੱਕ ਤਨਾਵ ਦੀ ਸਥਿਤੀ ਪੈਦਾ ਕਰਦਾ ਹੈ ਜੋ ਆਦਮੀਂ ਨੂੰ ਪਖੰਡ ਕਰਨ ਲਈ ਮਜਬੂਰ ਕਰਦਾ ਹੈ ਇਸ ਲਈ ਪਖੰਡੀ

ਆਦਮੀ ਲੋਕਾਂ ਸਾਹਮਣੇ ਹੋਰ ਤੇ ਪਰਦੇ ਪਿੱਛੇ ਹੋਰ ਚਿਹਰਾ ਪੇਸ਼ ਕਰਦਾ ਹੈ, ਬਿਲਕੁਲ ਸਾਡਿਆਂ ਨੇਤਾਵਾਂ ਦੀ ਤਰ੍ਹਾਂ; ਜਿਨਾਂ ਦੀ ਕਥਨੀ ਅਤੇ ਕਰਨੀ ਨੂੰ ਲੋਕਾਈ ਮੂੰਹ 'ਚ ਉਂਗਲਾਂ ਪਾਈ, ਬੜੀ ਹੈਰਾਨੀ ਨਾਲ ਦੇਖ ਰਹੀ ਹੈ। ਏਹ ਕੁੱਝ ਹੋਰ ਬਣਨ ਦੇ ਕ੍ਰਮ ਨੇ ਆਦਮੀ ਦੀ ਸਹਿਜ਼ ਜ਼ਿੰਦਗੀ ਨੂੰ ਅਸਿਹਜ਼ ਬਣਾ ਦਿੱਤਾ ਹੈ ਅਤੇ ਇਸ ਕਾਰਨ ਮਨੁੱਖ ਨੇ ਪ੍ਰਕਿਰਤੀ ਨੂੰ ਵੀ ਅਸ਼ਾਂਤ ਕਰ ਦਿੱਤਾ ਹੈ ਤੇ ਖੁਦ ਵੀ ਅਸਾਂਤ ਹੋ ਗਿਆ ਹੈ। ਅਗਸਤ ੧੨ ਦੇ ਪਿਛਲੇ ਪੰਦਰਵਾੜੇ ਵਿੱਚ ਹੋਈ ਬੇਮੌਸਮੀਂ ਜ਼ੋਰਦਾਰ ਬਾਰਿਸ਼ ਨੇ ਭਾਰਤ, ਚੀਨ ਤੇ ਏਸ਼ੀਆ ਦੇ ਹੋਰ ਮੁਲਕਾਂ ਵਿੱਚ ਹੜਾਂ ਨੇ ਤਬਾਹੀ ਦਾ ਤਾਂਡਵ ਮਚਾਇਆ ਤੇ ਲੀਬੀਆ ਦੇ ਵਿੱਚ ਕਰਨਲ ਗੱਦਾਫੀ ਦੇ ਵਿਰੁੱਧ, ਉਸਦੀ ਆਪਣੀ ਜਨਤਾ ਦੁਆਰਾ; ਹਾਲ ਦੇ ਮਹੀਨਿਆ ਵਿੱਚ ਕੀਤਾ ਗਿਆ ਖੂਨ ਡੋਲਵਾਂ ਸੰਘਰਸ਼ ਮੂੰਹੋਂ ਬੋਲਦੀਆਂ ਉਦਾਹਰਣਾਂ ਹਨ। ਇਸੇ ਕਰਕੇ ਪੱਛਮ ਦੇ ਪ੍ਰਸਿੱਧ ਦਾਰਸ਼ਨਿਕ ਜਾਰਜ ਬਰਨਾਡ ਸ਼ਾਹ ਨੇ ਆਦਮੀ ਨੂੰ ਬਿਨਾ ਪੂਛ ਦੇ ਬਾਂਦਰ, ਹਿੰਦੀ ਦੇ ਕਵੀ ਅਗੇਯ ਨੇ ਸੱਪ ਤੇ ਮਾਰਕ ਟਵਿਨ ਨੇ ਕੁੱਤੇ ਨਾਲ ਤੁਲਨਾ ਕਰਕੇ ਇਸ ਅਸ਼ਰਫ-ਉਲ-ਮਕਲੂਖ਼ ਤੇ ਸਟੀਕ ਕਟਾਖਸ਼ ਕੀਤਾ ਹੈ। ਆਦਮੀ ਨੇ ਧਰਤੀ ਦੀ ਖ਼ੂਬਸੂਰਤੀ ਨੂੰ ਬਦਸੂਰਤੀ ਵਿੱਚ ਬਦਲਿਆ ਹੈ। ਇਹ ਵੀ ਇੱਕ ਵਿਡੰਬਨਾ ਹੈ ਕਿ ਧਰਤੀ ਦਾ ਸਾਰਾ ਕੁਛ ਆਦਮੀ ਲਈ ਹੈ, ਜੇ ਆਦਮੀ ਨਾ ਹੋਵੇ ਤਾਂ ਇਹ ਖੂਬਸੂਰਤੀ ਕਿਸ ਕੰਮ ਦੀ, ਪਰ ਆਦਮੀ ਆਪ ਹੀ ਇਸ ਖੂਬਸੂਰਤੀ ਨੂੰ ਨਸ਼ਟ ਕਰ ਰਿਹਾ ਹੈ। ਕਿਸੇ ਹੋਰ ਸ਼ਾਇਰ ਨੇ ਇਸ ਤੇ ਇਸ ਤਰ੍ਹਾਂ ਵਿਅੰਗ ਕੀਤਾ ਹੈ:

ਆਪਕੇ ਸ਼ਹਿਰ ਮੇਂ ਕਿਆ ਆਦਮੀਂ ਨਹੀਂ ਰਹਿਤੇ
ਆਪਕਾ ਸ਼ਹਿਰ ਬਹੁਤ ਖ਼ੂਬਸੂਰਤ ਹੈ।

ਆਦਮੀਂ ਨੇ ਪੂਰੇ ਸਮਾਜ ਵਿੱਚ ਘਟੀਆ ਕਦਰਾਂ-ਕੀਮਤਾਂ ਦਾ ਤਾਣਾ-ਬਾਣਾ ਬੁਣ ਲਿਆ ਹੈ ਜੋ ਕਿ ਖਾਸ ਤੌਰ ਤੇ ਨੌਜਵਾਨਾਂ ਲਈ ਬੱਚੇਖਾਣੀ ਸੱਪਣੀ ਦੀ ਤਰ੍ਹਾਂ ਪੇਸ਼ ਆ ਰਿਹਾ ਹੈ। ਆਦਮੀਂ ਤੋਂ ਪਰਮਾਤਮਾਂ ਅਜੇ ਪੂਰੀ ਤਰ੍ਹਾਂ ਹਿਤਾਸ਼ ਤਾਂ ਨਹੀਂ ਹੋਇਆ। ਨੋਬਲ ਇਨਾਮ ਵਿਜੇਤਾ ਮਹਾਂ ਕਵੀ ਰਵਿੰਦਰ ਨਾਥ ਟੈਗੋਰ ਨੇ ਸ਼ਾਇਦ ਇਸੇ ਲਈ ਕਿਹਾ ਹੈ:

"ਹਰ ਬੱਚਾ ਪਰਮਾਤਮਾ ਤੋਂ ਇਹ ਸੰਦੇਸ਼ ਲੈ ਕੇ ਆਉਂਦਾ ਹੈ
ਕਿ ਉਹ ਅਜੇ ਆਦਮੀ ਤੋਂ ਨਿਰਾਸ਼ ਨਹੀਂ ਹੋਇਆ"।

ਪ੍ਰਸਿੱਧ ਸੁਤੰਤਰਤਾ ਸੈਲਾਨੀ ਤੇ ਕਵਿਤਰੀ ਸਰੋਜਨੀ ਨਾਇਡੂ ਨੇ ਭਾਰਤ ਦੀਆਂ ਪ੍ਰਸਥਿਤੀਆਂ ਨੂੰ ਗਹਿਰਾਈ ਤੱਕ ਜਾਣਦੇ ਹੋਏ ਕਿਹਾ:

"ਪਹਿਲਾਂ ਕਿ ਭਾਰਤ ਨੂੰ ਉਸਦੀਆਂ ਬਿਮਾਰੀਆਂ ਤੋਂ ਮੁਕਤ ਕਰੀਏ,
ਸਾਨੂੰ ਆਦਮੀਂ ਦੀ ਨਵੀਂ ਨਸਲ ਚਾਹੀਦੀ ਹੈ"।

ਬਿਮਾਰ ਵਿਅਕਤੀ ਦੀ ਸੋਚ ਵੀ ਬਿਮਾਰ ਹੋ ਜਾਂਦੀ ਹੈ ਤੇ ਬਿਮਾਰ ਸੋਚ ਹੋਰ ਸਮਾਜਿਕ ਬਿਮਾਰੀਆਂ ਨੂੰ ਜਨਮ ਦਿੰਦੀ ਹੈ। ਅੱਜ ਆਦਮੀਂ ਆਪਣੇ ਲੇਖਾਂ ਦਾ ਖ਼ੁਦ ਲਿਖਾਰੀ ਬਣ ਗਿਆ ਹੈ, ਇਸਦਾ ਕਾਰਨ ਆਦਮੀਂ ਦਾ ਆਪਣੀਆਂ ਲਾਲਸਾਵਾਂ ਨੂੰ ਲੈ ਕੇ ਮਸ਼ੀਨ ਦੇ ਨਾਲ ਮਸ਼ੀਨ ਤੇ ਪੱਥਰ ਨਾਲ ਪੱਥਰ ਹੋ ਜਾਣਾ ਹੈ। ਮਨੁੱਖ ਨੇ ਆਪਣੇ ਆਪ ਨੂੰ ਕੁਦਰਤ ਤੇ ਕਾਦਰ ਤੋਂ ਕੋਹਾਂ ਦੂਰ ਕਰ ਲਿਆ ਹੈ। ਕੁਦਰਤ ਤੇ ਕਾਦਰ ਦੇ ਰੰਗ ਬਹੁਤ ਸਹਿਜ ਤੇ ਸੁਖਦ ਹਨ, ਜਦਕਿ ਸਮਾਜ ਦੇ ਰੰਗ ਬਹੁਤ ਸ਼ੋਖ ਤੇ ਭੜਕੀਲੇ। ਸਮਾਜ, ਜਨਮ ਤੋਂ ਲੈ ਕੇ ਮਰਨ ਤੱਕ; ਆਦਮੀਂ ਤੇ ਕਈ ਤਰ੍ਹਾਂ ਦੇ ਗੂਹੜ ਰੰਗ ਚੜਾਂਦਾ ਜਾਂਦਾ ਹੈ, ਜਿਨ੍ਹਾਂ ਦੇ ਥੱਲੇ ਕੁਦਰਤ ਦੇ ਸਹਿਜ ਤੇ ਸੁਖਦ ਰੰਗ ਦੱਬਕੇ ਨਜ਼ਰ ਹੀ ਨਹੀਂ ਆਉਂਦੇ।

ਆਦਮੀ ਇੱਕ ਐਸਾ ਪ੍ਰਾਣੀ ਹੈ ਜੋ ਆਦਤਾਂ ਦਾ ਗੁਲਾਮ ਹੋ ਕੇ ਚੱਲਣ ਵਿੱਚ ਆਨੰਦ ਪ੍ਰਾਪਤ ਕਰਦਾ ਹੈ। ਇਸਦੀ ਇਹ ਪ੍ਰਵਿਰਤੀ ਵੀ ਹੈ ਕਿ ਇਸ ਨੂੰ ਉੱਚੇ ਰਸ-ਰੰਗ ਤੇ ਕਦਰਾਂ-ਕੀਮਤਾਂ ਫਿੱਕੀਆਂ ਲੱਗਦੀਆਂ ਹਨ ਕਿਉਂਕਿ ਪਹਾੜ ਦੀ ਚੋਟੀ ਤੇ ਜਾਣਾ ਹਮੇਸ਼ਾ ਹੀ ਕਠਿਨ ਤੇ ਮਿਹਨਤਮਈ ਹੁੰਦਾ ਹੈ ਜਦਕਿ ਢਾਲ ਤੋਂ ਥੱਲੇ ਆਣਾ ਆਸਾਨ ਹੁੰਦਾ ਹੈ। ਇਸ ਲਈ ਮਨੁੱਖ ਜਲਦੀ ਨੀਵੀਂਆਂ ਕਦਰਾਂ-ਕੀਮਤਾਂ ਤੇ ਰਸ-ਰੰਗਾਂ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਨੀਵੇਂ ਸਤਰ ਦੀ ਭੱਜ-ਦੌੜ ਵਿੱਚ ਆਦਮੀ ਦੀ ਆਤਮਾ, ਸਮਾਜ ਦੁਆਰਾ ਦਿੱਤੇ ਗਏ ਗਹਿਰੇ ਰੰਗਾਂ ਦੀ ਮਾਰ ਹੇਠ; ਆਤਮਕ ਨੀਂਦ ਦੀ ਸਥਿਤੀ ਵਿੱਚ ਪਹੁੰਚ ਗਈ ਹੈ। ਅਤਮਕ ਜਾਗਰਣ ਕੇਵਲ ਉਦੋਂ ਹੀ ਪ੍ਰਾਪਤ ਹੁੰਦਾ ਹੈ ਜਦੋਂ ਇਨਸਾਨ ਕਾਦਰ ਤੇ ਕੁਦਰਤ ਦੇ ਰੰਗਾਂ ਨਾਲ ਜੁੜਦਾ ਹੈ ਤੇ ਇਹਨਾਂ ਨੂੰ ਆਂਤਰਿਕ ਅੱਖ ਨਾਲ ਨਿਹਾਰਦਾ ਹੈ। ਇਸੇ ਲਈ ਕਿਹਾ ਗਿਆ ਹੈ:

ਆਪਣੇ ਵਿਚਾਰਾਂ ਨੂੰ ਦੇਖੋ,
ਇਹ ਤੁਹਾਡੇ ਕਰਮਾਂ ਨੂੰ ਨਿਰਧਾਰਿਤ ਕਰਦੇ ਹਨ।
ਆਪਣੇ ਕਰਮਾਂ ਨੂੰ ਦੇਖੋ,
ਇਹ ਤੁਹਾਡੀਆਂ ਆਦਤਾਂ ਨੂੰ ਨਿਰਧਾਰਿਤ ਕਰਦੇ ਹਨ।
ਆਪਣੀਆਂ ਆਦਤਾਂ ਨੂੰ ਦੇਖੋ,
ਇਹ ਤੁਹਾਡੀ ਪ੍ਰਕਿਰਤੀ ਨੂੰ ਨਿਰਧਾਰਿਤ ਕਰਦੀਆਂ ਹਨ।
ਆਪਣੀ ਪ੍ਰਕਿਰਤੀ ਨੂੰ ਦੇਖੋ,
ਇਹ ਤੁਹਾਡੀ ਨਿਯਤੀ ਨੂੰ ਨਿਰਧਾਰਿਤ ਕਰਦੀ ਹੈ।
ਇਸ ਲਈ ਹਰ ਇਨਸਾਨ ਦੀ ਕਿਸਮਤ ਉਸਦੇ ਆਪਣੇ ਹੱਥ ਵਿੱਚ ਹੈ।

ਆਦਮੀਂ ਨੂੰ ਛੱਡਕੇ ਬਾਕੀ ਜੀਵਾਂ ਕੋਲ ਸ਼ਬਦਾਂ ਵਾਲੀ ਭਾਸ਼ਾ ਨਹੀਂ। ਸੰਸਾਰ ਦੀ ਹਰ ਭਾਸ਼ਾ ਵਿੱਚ, ਹਰ ਸ਼ਬਦ ਦਾ ਵਿਰੋਧੀ ਸ਼ਬਦ ਪਾਇਆ ਜਾਂਦਾ

ਹੈ। ਜਿਸ ਵੇਲੇ ਕਿਸੇ ਭਾਸ਼ਾ ਵਿੱਚ ਕਿਸੇ ਨਵੇਂ ਸ਼ਬਦ ਦਾ ਜਨਮ ਹੁੰਦਾ ਹੈ ਤਾਂ ਨਾਲ ਦੀ ਨਾਲ ਵਿਰੋਧੀ ਸ਼ਬਦ ਦਾ ਜਨਮ ਹੋ ਜਾਂਦਾ ਹੈ। ਜਿਸਦਾ ਕਾਰਨ ਮਨੁੱਖੀ ਮਨ ਦੀ ਦਵੰਧਾਤਮਕ ਪ੍ਰਕਿਰਤੀ ਹੈ। ਇਹੀ ਕਾਰਨ ਹੈ ਕਿ ਮਨੁੱਖ ਦੇ ਮਨ ਤੇ ਦੋ ਵਿਰੋਧੀ ਸ਼ਕਤੀਆਂ ਦਾ ਵਰਤਾਰਾ ਚਲਦਾ ਰਹਿੰਦਾ ਹੈ ਜੋ ਮਨੁੱਖ ਦੇ ਵਿੱਚ ਮਾਨਸਿਕ ਤਨਾਅ ਪੈਦਾ ਕਰਕੇ ਖਿਡੌਣੇ ਦੇ ਵਿੱਚ ਭਰੀ ਚਾਬੀ ਵਾਂਗੂੰ ਭੱਜਣ-ਦੌੜਨ ਲਈ ਮਜ਼ਬੂਰ ਕਰ ਦਿੰਦਾ ਹੈ। ਇਸ ਨਾਲ ਮਨੁੱਖ 'ਚ ਪ੍ਰੇਸ਼ਾਨੀਆਂ, ਬਿਮਾਰੀਆਂ, ਚੋਰ-ਚਕਾਰੀਆਂ, ਕਾਲ-ਬਜ਼ਾਰੀ, ਭ੍ਰਿਸ਼ਟਾਚਾਰੀ ਅਤੇ ਨਸ਼ਾਖੋਰੀ ਆਦਿ ਦਾ ਜਨਮ ਹੁੰਦਾ ਹੈ। ਇਸ ਕ੍ਰਮ ਵਿੱਚ ਮਨੁੱਖ ਪੰਜਾਂ ਦੁਸ਼ਮਣਾਂ ਦੇ ਵਿਕਾਰੀ ਚੱਕਰ ਵਿੱਚ ਧੱਕਿਆ ਜਾਂਦਾ ਹੈ, ਜੋ ਇਸਦੀਆਂ ਖੁਸ਼ੀਆਂ ਤੇ ਇਸ ਤਰ੍ਹਾਂ ਡਾਕੇ ਮਾਰਦੇ ਹਨ ਜਿਵੇਂ ਕਿਸੇ ਜੀਵ ਨੂੰ ਸ਼ਿਕਾਰੀ ਫਾਹੀਆਂ ਲਾ ਕੇ ਫੜਨ ਤੋਂ ਬਾਅਦ ਕੋਂਹਦੇ ਹਨ।

ਕੁਦਰਤ ਦੀ ਮਨੁੱਖ ਵਰਗੀ ਜ਼ੁਬਾਨ ਨਹੀਂ ਪਰ ਫਿਰ ਵੀ ਬੋਲਦੀ ਹੈ। ਪ੍ਰਕਿਰਤੀ ਮਨੁੱਖ ਨਾਲ ਗੱਲਾਂ ਕਰਦੀ ਹੈ। ਮਨੁੱਖ ਨੂੰ ਜੇ ਪ੍ਰਕਿਰਤੀ ਨਾਲ ਸੰਵਾਦ ਰਚਾਉਣ ਦੀ ਕਲਾ ਆਉਂਦੀ ਹੋਵੇ ਤਾਂ ਇਹ ਪ੍ਰਤੀ-ਉੱਤਰ ਅਵੱਸ਼ ਦਿੰਦੀ ਹੈ। ਪ੍ਰਕਿਰਤੀ ਨਾਲ ਸੰਵਾਦ ਰਚਾਉਣ ਲਈ ਮਨੁੱਖ ਦੇ ਮਨ ਦਾ ਮੌਨ ਜਾਂ ਸ਼ਾਂਤ ਚਿੱਤ ਹੋਣਾ ਬਹੁਤ ਜ਼ਰੂਰੀ ਹੈ। ਕੁਦਰਤ ਚੌਵੀ ਘੰਟੇ ਕੰਮ ਕਰਦੀ ਹੈ ਫਿਰ ਵੀ ਕਦੇ ਥੱਕਣ ਦੀ ਦੁਹਾਈ ਨਹੀਂ ਪਾਉਂਦੀ। ਫਿਰ ਵੀ ਕੁਦਰਤ ਚੁੱਪ-ਚਾਪ ਸਵੈ-ਅਨੁਸ਼ਾਸਨ ਵਿੱਚ ਹੱਸਦੀ, ਨੱਚਦੀ, ਗਾਉਂਦੀ ਤੇ ਟੱਪਦੀ ਆਪਣੀ ਮਸਤ ਚਾਲ ਰਵਾਨ ਹੋ ਰਹਿੰਦੀ ਹੈ। ਅਜਿਹਾ ਨਹੀਂ ਕਿ ਚੁੱਪ ਨਹੀਂ ਬੋਲਦੀ, ਚੁੱਪ ਵੀ ਬੋਲਦੀ ਹੈ ਬਲਕਿ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ।ਇਸੇ ਲਈ ਸ਼ਾਇਦ ਕਿਹਾ ਗਿਆ ਹੈ:

- ਇੱਕ ਚੁੱਪ ਅਤੇ ਸੌ ਸੁੱਖ।
- ਅਗਰ ਬੋਲੀ ਚਾਂਦੀ ਸਮਾਨ ਹੈ ਤਾਂ ਚੁੱਪ ਸੋਨੇ ਵਰਗੀ।

ਅਸੰਵੇਦਨਸ਼ੀਲ ਆਦਮੀਂ ਕੁਦਰਤ ਦੇ ਨਾਲ ਸੰਵਾਦ ਨਹੀਂ ਰਚਾ ਸਕਦਾ। ਇਸ ਸੰਵਾਦ ਲਈ ਮਨੁੱਖ ਦਿਲੋ-ਦਿਮਾਗ ਤੋਂ ਸੰਵੇਦਨਸ਼ੀਲ ਹੋਣਾ ਜ਼ਰੂਰ ਹੈ। ਇਹ ਸਭ ਕਿਸ ਤਰ੍ਹਾਂ ਹੁੰਦਾ ਹੈ? ਹਰ ਵਸਤੂ ਆਪਣੇ ਵਿੱਚੋਂ ਤਰੰਗਾਂ ਬਾਹਰ ਨੂੰ ਭੇਜਦੀ ਹੈ ਤੇ ਬਾਹਰੋਂ ਆਈਆਂ ਤਰੰਗਾਂ ਨੂੰ ਸੋਖਦੀ ਹੈ। ਪ੍ਰਕਿਰਤੀ ਵਿੱਚ ਹਮੇਸ਼ਾ ਦੇਣ ਲੈਣ ਚਲਦਾ ਰਹਿੰਦਾ ਹੈ। ਇਹ ਹੀ ਨਹੀਂ ਕਿ ਸੂਰਜ ਹੀ ਸਾਨੂੰ ਗਰਮੀਂ ਦੇਂਦਾ ਹੈ, ਅਸੀਂ ਵੀ ਸੂਰਜ ਨੂੰ ਗਰਮੀ ਵਾਪਸ ਭੇਜਦੇ ਹਾਂ। ਇਸ ਤਰ੍ਹਾਂ ਮਨੁੱਖ ਜਦੋਂ ਪ੍ਰਕਿਰਤੀ ਦੀ ਕਿਸੇ ਵੀ ਵਸਤੂ ਨਾਲ ਚੁੱਪ ਸੰਵਾਦ ਰਚਾਂਦਾ ਹੈ ਤਾਂ ਇਸ ਸੰਬਧ ਦੇ ਸਥਾਪਿਤ ਹੁੰਦਿਆਂ ਹੀ ਦੇਖਣ ਵਾਲਾ ਖੋ ਜਾਂਦਾ ਹੈ ਤੇ ਉਸੇ ਵਸਤੂ ਦੇ ਰੰਗ ਰੂਪ ਤੇ ਆਕਾਰ 'ਚ ਪ੍ਰਵਾਹਿਤ ਹੋ ਜਾਂਦਾ

ਹੈ; ਉਦੋਂ ਹੀ ਪ੍ਰਮਾਤਮਾ ਵਿਦਮਾਨ ਹੋ ਜਾਂਦਾ ਹੈ, ਜੋ ਸਰਵ-ਸ਼ਕਤੀਮਾਨ ਹੈ। ਇਸ ਤਰ੍ਹਾਂ ਉਸ ਦੀਆਂ ਰਹਿਮਤਾਂ ਦੀ ਬਰਸਾਤ ਹੁੰਦੀ ਹੈ; ਜੋ ਆਨੰਦ-ਖੇੜੇ ਤੇ ਹਾਸੇ-ਨਾਚੇ ਨਾਲ ਇਨਸਾਨ ਨੂੰ ਇਸ ਤਰ੍ਹਾਂ ਸਰਾਬੋਰ ਕਰ ਦਿੰਦੀ ਹੈ ਜਿਸ ਤਰ੍ਹਾਂ ਫੁੱਲਾਂ ਤੋਂ ਰਸ ਪੀ ਕੇ ਭੌਰਾ ਲਟਬੌਰਾ ਹੋ ਜਾਂਦਾ ਹੈ। ਆਦਮੀ, ਪੰਛੀ ਜਿਉਂ ਹਲਕਾ ਹੋ ਆਂਤਰਿਕ ਆਕਾਸ਼ ਦੀਆਂ ਡੂੰਘਾਈਆਂ ਤੇ ਉਚਾਈਆਂ ਤੇ ਗੋਤੇ ਤੇ ਉਡਾਰੀਆਂ ਲਾਉਂਦਾ ਹੋਇਆ ਚਿੰਤਾਂਵਾ ਤੇ ਫਿਕਰਾਂ ਨੂੰ ਪਾਰ ਕਰ ਜਾਂਦਾ ਹੈ। ਇਸ ਤਰ੍ਹਾਂ ਉਸਦੀ ਸੰਸਾਰਕ ਭੱਜ-ਦੌੜ ਕਾਰਨ, ਸਰੀਰ ਵਿੱਚ ਹੋਈ ਤੰਤੂਆਂ ਦੀ ਟੁੱਟ-ਭੱਜ ਤੇ ਆਂਤਰਿਕ ਖਲਾਅ, ਦੁਬਾਰਾ ਤੋਂ ਸੰਗਠਿਤ ਹੋ ਕੇ ਰੰਗਾਂ-ਰਸਾਂ ਦੇ ਨਾਲ ਲਬਰੇਜ਼ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਆਦਮੀਂ ਚੁਸਤ-ਦਰੁਸਤ ਤੇ ਰਿਸ਼ਟ-ਪੁਸ਼ਟ ਜੀਵਨ ਯਾਤਰਾ ਦੇ ਪੰਧ ਤੇ ਅਗਰਸਰ ਹੋ ਜਾਂਦਾ ਹੈ।

ਕਈ ਲੋਕ ਪ੍ਰਕਿਰਤੀ ਤੇ ਸਮਾਜ ਦੇ ਵਿੱਚ ਹੋ ਰਹੇ ਵਿਨਾਸ਼ ਲਈ ਸਾਇੰਸ ਅਤੇ ਤਕਨਾਲੋਜੀ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ, ਜੋ ਸਰਾਸਰ ਗਲਤ ਹੈ। ਸਾਇੰਸ ਤੇ ਤਕਨਾਲੋਜੀ ਆਪਣੇ ਆਪ ਵਿੱਚ ਗਲਤ ਨਹੀਂ ਬਲਕਿ ਇਹਨਾਂ ਦਾ ਗਲਤ ਹੱਥਾਂ ਦੁਆਰਾ, ਗਲਤ ਢੰਗ ਨਾਲ; ਪ੍ਰਯੋਗ ਗਲਤ ਹੈ। ਅਧਿਆਤਮ ਦਾ ਸਿੱਧਾ ਸੰਬੰਧ ਕੁਦਰਤ ਨਾਲ ਹੈ ਤੇ ਵਿਗਿਆਨ ਪਦਾਰਥ ਤੋਂ ਸ਼ੁਰੂ ਹੋ ਕੇ ਸਿੱਧਾ ਅਧਿਆਤਮ ਤੇ ਹੀ ਪਹੁੰਦਾ ਹੈ। ਅਧਿਆਤਮ ਤੇ ਵਿਗਿਆਨ ਇੱਕ ਦੂਜੇ ਦੇ ਵਿਰੋਧੀ ਨਹੀਂ, ਸਗੋਂ ਇੱਕ ਦੂਜੇ ਦੇ ਸਹਿਯੋਗੀ ਹਨ। ਇਹ ਇੱਕ ਪੰਛੀ ਦੇ ਦੋ ਖੰਭਾਂ ਦੇ ਸਮਾਨ ਹਨ। ਜਿਸ ਤਰ੍ਹਾਂ ਪੰਛੀ ਦੇ ਇੱਕ ਖੰਭ ਨੂੰ ਕੱਟਣ ਨਾਲ ਉਹ ਅਪੰਗ ਹੋ ਜਾਂਦਾ ਹੈ, ਉਸੇ ਤਰ੍ਹਾਂ ਆਦਮੀ ਦੇ ਜੀਵਨ ਵਿੱਚੋਂ ਅਧਿਆਤਮ ਜਾਂ ਸਾਇੰਸ ਵਿੱਚੋਂ ਇੱਕ ਦੇ ਮਨਫ਼ੀ ਹੋਣ ਨਾਲ ਆਦਮੀ ਅਪੰਗ ਹੋ ਜਾਂਦਾ ਹੈ। ਇਸ ਲਈ ਆਦਮੀ ਦਾ ਹਿੱਤ ਅਧਿਆਤਮ ਤੇ ਸਾਇੰਸ ਦੋਨਾਂ ਦੇ ਸੁਮੇਲ ਵਿੱਚ ਹੈ ਨਾ ਕਿ ਵਿਰੋਧ ਵਿੱਚ। ਸੋ ਕੁਦਰਤ ਅਤੇ ਮਨਵ ਨਾਲ ਪ੍ਰੇਮ ਕਰਨਾ ਹੀ ਮਾਨਵ ਦੇ ਹਿੱਤ ਵਿੱਚ ਹੈ। ਸਹਿਬ-ਏ-ਕਮਾਲ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਹੈ:

"ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ"।

ਪ੍ਰੇਮ ਦੇ ਰਸ ਵਿੱਚ ਰੰਗੀ ਹੋਈ ਆਤਮਾ ਹਮੇਸ਼ਾ ਉੱਚੀਆਂ ਬੁਲੰਦੀਆਂ ਵੱਲ ਨੂੰ ਉਡਾਰੀ ਮਾਰਦੀ ਹੈ। ਪ੍ਰੇਮ ਦੀ ਸ਼ਕਤੀ, ਮਨੁੱਖ ਦੇ ਊਰਜਾ ਕੇਂਦਰ ਤੋਂ ਉੱਠਕੇ, ਦਿਲ ਚੋਂ ਪ੍ਰਵਾਹਿਤ ਹੁੰਦੀ ਹੋਈ, ਪਲਾਜ਼ਮਾਂ ਵਾਂਗੂੰ ਪਤਲੀ ਹੋ ਕੇ ਮਨ-ਮਸਤਕ ਦੇ ਰੰਧਰਾਂ ਵਿਚੋਂ ਹੁੰਦੀ ਹੋਈ ਕਾਇਆਨਾਤ ਵਿੱਚ ਵੱਸਦੇ ਪਰਮ-ਪਿਤਾ ਪਰਮੇਸ਼ਵਰ ਨਾਲ ਜਾ ਮਿਲਦੀ ਹੈ। ਇਸੇ ਤਰ੍ਹਾਂ ਸ਼ੁੱਧ ਹੋ ਕੇ ਉੱਚੀ ਉੱਠੀ ਆਤਮਾ ਪਰਮ-ਆਤਮਾ ਬਣ ਜਾਂਦੀ ਹੈ।

ਇਹ ਬੜੇ ਸੁਭਾਗ ਦੀ ਗੱਲ ਹੈ ਕਿ ਸਾਨੂੰ ਕਸ਼ਮੀਰ ਦੀ ਘਾਟੀ, ਜਿਸਨੂੰ ਕਿਸੇ ਮੁਗ਼ਲ ਬਾਦਸ਼ਾਹ ਨੇ 'ਧਰਤੀ ਤੇ ਸਵਰਗ' ਕਿਹਾ ਸੀ, ਦੇ ਵਿੱਚ, ਉਸ ਤੋਂ ਵੀ ਸੁੰਦਰ, ਲੋਲਾਬ ਦੀ 'ਕਟੋਰੇ ਵਰਗੀ ਘਾਟੀ' ਵਿੱਚ ਰਹਿਕੇ; ਕੁਦਰਤ ਦੀ ਸੰਦਰਤਾ ਦੇ ਰਸ ਭਰੇ ਕਟੋਰੇ ਪੀਣ ਨੂੰ ਮਿਲੇ ਹਨ। ਕੁਦਰਤ ਇੱਥੇ ਆਪਣੇ ਪੂਰੇ ਜਲੌਅ ਵਿੱਚ ਨਜ਼ਰ ਆਉਂਦੀ ਹੈ। ਇੱਥੇ ਬਰਫ਼ਾਂ ਲੱਦੀਆਂ ਚੋਟੀਆਂ, ਤੇ ਸਾਰਾ ਦਿਨ ਵੱਖ-ਵੱਖ ਪ੍ਰਕਾਰ ਦੀਆਂ ਦਿਲਕਸ਼ ਅਕ੍ਰਿਤੀਆਂ ਬਣਾਉਂਦੇ ਹੋਏ ਉੱਡਦੇ ਬੱਦਲ; ਹਰੇ ਭਰੇ ਉੱਚੇ ਲੰਮੇ ਕੈਲ, ਦਿਉਦਾਰ, ਚੀੜ ਤੇ ਚਿਨਾਰ ਦੇ ਰੁੱਖ; ਕਲਕਲ ਕਰਦੀਆਂ ਕੂਲਾਂ ਤੇ ਪੱਥਰਾਂ ਵਿੱਚੋਂ ਚੱਲਦੀ ਵਰਨੋਂ ਨਦੀ ਦਾ ਮਧੁਰ ਸੰਗੀਤ; ਹਰੇ-ਭਰੇ ਬਾਗ਼-ਬਗ਼ੀਚਿਆਂ ਵਿੱਚ ਸੇਬ ਤੇ ਅਖਰੋਟਾਂ ਦੇ ਫ਼ਲਾਂ ਦਾ ਮਨਮੋਹਦਾ ਨਜ਼ਾਰਾ; ਸਾਰਾ ਦਿਨ ਰੰਗ-ਬਰੰਗੇ ਪੰਛੀ ਚਹਿਕਦੇ ਤੇ ਉਡਾਰੀਆਂ ਮਾਰਦੇ ਖੁਸ਼ੀ ਦੀਆਂ ਪੰਡਾਂ ਵੰਡਦੇ ਹੋਏ ਮਨ ਨੂੰ ਮੰਤਰ-ਮੁਘਦ ਕਰਦੇ ਰਹਿੰਦੇ ਹਨ। ਸਰਦੀਆਂ ਵਿੱਚ ਪਈ ਬਰਫ਼ ਦੇ ਪਿਘਲ ਜਾਣ ਪਿੱਛੋਂ ਜ਼ਮੀਨ ਦੇ ਵਿੱਚੋਂ ਨਿੱਕੇ-ਨਿੱਕੇ ਰੰਗ-ਬਰੰਗੇ ਮਣੀਆਂ ਵਾਂਗੂੰ ਚਮਕਾਂ ਮਾਰਦੇ ਮਣਾਂ-ਮੂੰਹੀਂ ਫ਼ੁੱਲ ਮੈਦਾਨ, ਖੇਤ, ਬਗੀਚਿਆਂ ਨੂੰ ਭਰਕੇ ਟਹਿਕਣ ਲਾ ਦਿੰਦੇ ਹਨ। ਚੜਦੇ ਤੇ ਛਿਪਦੇ ਸੂਰਜ ਦੀਆਂ ਕਿਰਨਾਂ ਪਹਾੜ ਦੀਆਂ ਚੋਟੀਆਂ ਤੇ ਜਦੋਂ ਚਾਂਦੀ ਰੰਗੀਆਂ ਬਰਫ਼ਾਂ ਤੇ ਬੱਦਲਾਂ ਦੇ ਕਪਾਹ ਵਰਗੇ ਢੇਰਾਂ ਤੇ ਪੈਂਦੀਆਂ ਹਨ ਤਾਂ ਲਾਲੀ ਚਾਰੋ ਤਰਫ਼ ਬਿਖਰ ਕੇ ਅਸਮਾਨ ਨੂੰ ਲਾਲ ਰੰਗਤ ਨਾਲ ਨਿਹਾਲ ਕਰਦੀਆਂ, ਘਾਟੀ ਨੂੰ ਨੂਰੋ-ਨੂਰ ਕਰ ਦਿੰਦੀਆਂ ਹਨ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਕਾਦਰ ਤੇ ਕੁਦਰਤ ਆਦਮੀਂ ਨੂੰ ਸੈਨਤਾਂ ਨਾਲ ਆਪਣੇ ਨਿੱਘੇ ਆਲਿੰਗਨ ਦਾ ਨਿੱਘ ਮਾਣਨ ਲਈ ਆਮੰਤਰਿਤ ਕਰ ਰਹੇ ਹੋਣ।

ਲੋਲਾਬ ਦੀ ਇਸੇ ਸੁੰਦਰ ਘਾਟੀ ਵਿੱਚ ਵਾਸ ਦੇ ਦੌਰਾਨ, ਅੰਮ੍ਰਿਤ ਦੇ ਕਟੋਰੇ ਪੀਂਦਿਆਂ, ਦਿਲ ਵਿਚੋਂ ਨਿਕਲੀਆਂ ਤਰੰਗਾਂ, ਪ੍ਰਕਾਸ਼ਿਤ ਹੋ ਚੁੱਕੇ ਕਾਵਿ-ਸੰਗ੍ਰਿਹ "ਮੈਦਾਨ ਤੋਂ ਘਾਟੀ ਤੱਕ!" ਵਿੱਚ ਕਾਦਰ, ਕੁਦਰਤ ਅਤੇ ਘਾਟੀ ਨਾਲ ਸੰਬੰਧਿਤ ਕਵਿਤਾਵਾਂ ਵਿੱਚ ਪ੍ਰਲਕਸ਼ਿਤ ਹਨ। ਹੱਥਲੇ ਕਾਵਿ-ਸੰਗ੍ਰਿਹ ਮਣੀਆਂ! ਦਾ ਕਾਵਿਕ ਚਸ਼ਮਾ ਇੱਥੇ ਹੀ ਫੁੱਟਿਆ। ਮਣੀਆਂ ਪਾਠਕਾਂ ਨੂੰ ਸਾਗਰ ਦੇ ਵਿੱਚੋਂ ਇੱਕ ਬੂੰਦ ਜਿੰਨਾ ਵੀ ਸਵਾਦ ਦੇ ਸਕੀਆਂ ਤਾਂ ਮੈਂ ਸਮਝਾਂਗਾ ਕਿ ਨਿਮਾਣੇ ਦਾ ਇਹ ਨਿਮਾਣਾ ਜਿਹਾ ਯਤਨ ਸਫਲ ਹੈ। ਕੁਦਰਤ ਦੇ ਨਿਰਛਲ ਝਰਨੇ 'ਚੋਂ ਟੱਪਕੀਆਂ ਅੰਮ੍ਰਿਤ ਬੂੰਦਾਂ ਦੀ ਪਾਕ ਛੂਹ ਨਾਲ ਸਿਰਜੀ ਫੁਲਵਾੜੀ ਵਿੱਚੋਂ ਮਧੂ-ਮੱਖੀ ਵਾਂਗ ਕੁੱਝ ਕੁ ਰੰਗ-ਰਸ ਨਿਕਾਲ ਕੇ ਕੰਬਦੇ ਹੱਥਾਂ ਨਾਲ ਪੇਸ਼ ਕਰਨ ਦਾ ਹੀਆ ਕੀਤਾ ਹੈ, ਕਿਉਂਕਿ ਆਦਮੀਂ ਦੁਆਰਾ ਸਿਰਜੇ ਸਮਾਜਿਕ ਬੇਰੰਗੀਨ ਰੰਗਾਂ ਤੇ ਕੁਦਰਤ ਦੇ ਨਾਲ ਉਸਦੇ

ਘੁਣ ਵਰਗੇ ਵਰਤਾਰੇ ਨੂੰ ਵੇਖ ਕਈ ਵਾਰ ਅੰਧਕਾਰਮਈ ਗਰਦੋ-ਗੁਬਾਰ ਦੇ ਦਰਸ਼ਨ ਨਾਲ ਮਨ 'ਚ ਵਿਚਾਰਾਂ ਦਾ ਵੇਗ ਪੈਦਾ ਹੁੰਦਾ ਹੈ:

"ਇਸ ਮਾਨਵ ਨੂੰ ਅਗਰ ਈਸਾ ਮਸੀਹ, ਹਜ਼ਰਤ ਮੁਹੰਮਦ ਸਾਹਿਬ, ਸ਼੍ਰੀ ਗੁਰੂ ਨਾਨਕ ਦੇਵ ਜੀ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ, ਰਾਮ, ਕ੍ਰਿਸ਼ਨ, ਬੁੱਧ, ਮਹਾਂਵੀਰ ਜਿਹੀਆਂ ਜਗਦੀਆਂ ਜੋਤਾਂ ਤੇ ਬਾਈਬਲ, ਕੁਰਾਨ, ਸ਼੍ਰੀ ਗੁਰੂ ਗ੍ਰੰਥ ਸਾਹਿਬ, ਗੀਤਾ, ਧਮਪਦ ਆਦਿ ਗਿਆਨ ਦੇ ਖਜ਼ਾਨੇ ਰਾਹੇ ਨਹੀਂ ਪਾ ਸਕੇ ਤਾਂ ਨਿਮਾਣੇ ਦੀ ਇਹ ਪੁਸਤਕ ਬਿਲਕੁਲ ਉਸੇ ਤਰ੍ਹਾਂ ਦਾ ਯਤਨ ਹੈ ਜਿਸ ਤਰ੍ਹਾਂ ਸੂਰਜ ਦੇ ਸਾਹਮਣੇ ਦੀਵੇ ਦੀ ਔਕਾਤ ਹੁੰਦੀ ਹੈ"।

ਸ਼ਾਇਦ ਇਹ ਕਾਵਿ-ਸੰਗ੍ਰਿਹ ਕਿਸੇ ਨੂੰ ਰਾਹ ਦਿਖਾ ਸਕੇ ਜਾ ਨਾ ਪਰ ਮਾਤਰ ਵਿਅਕਤੀਗਤ ਸ਼ੁਗਲ ਤੇ ਸੰਤੁਸ਼ਟੀ ਦੀ ਪ੍ਰਾਪਤੀ ਤਾਂ ਜਰੂਰ ਹੈ।

ਇਸ ਸ਼ੁਗਲ ਵਿੱਚ ਕੁਛ ਕਮੀਆਂ ਜਰੂਰ ਰਹਿ ਗਈਆਂ ਹੋਣਗੀਆਂ, ਇਸ ਲਈ ਅਜਿਹੇ ਸ਼ੁਗਲਾਂ ਦੇ ਰਾਹੀਆਂ ਦੁਆਰਾ ਆਪਣੇ ਵਿਚਾਰ ਭੇਜਣ ਲਈ ਤਹਿ ਦਿਲੋਂ ਧੰਨਵਾਦੀ ਹੋਵਾਂਗਾ ਤਾਂ ਕਿ ਅਗਲੇਰੇ ਕਾਵਿ-ਸੰਗ੍ਰਿਹ, ਜੋ ਜਲਦੀ ਹੀ ਪਾਠਕਾਂ ਤੱਕ ਪਹੁੰਚਾਉਣ ਦਾ ਯਤਨ ਕੀਤਾ ਜਾਵੇਗਾ, ਹੋਰ ਸ਼ੁੱਧਤਾ ਨਾਲ ਨਿਖਾਰ ਕੇ ਪੇਸ਼ ਕੀਤਾ ਜਾ ਸਕੇ।

ਧੰਨਵਾਦ।

ਬਲਦੇਵ ਸਿੰਘ ਮਨੇਸ
**#2556, ਅਰਬਨ ਅਸਟੇਟ, ਫੇਜ਼-2,**
ਪਟਿਆਲਾ, ਪੰਜਾਬ-147102
M-09779280034(Pb.)
09906969285(J&K)
09622713900 (J&K)

ਮਿਤੀ: 10-09-2012

## ਰਹਿਮਤਾਂ

ਤੇਰਾ ਪਰਮ ਪਿਤਾ ਪ੍ਰਮੇਸ਼ਵਰ
ਕਰਾਂ ਕੋਟਿ ਕੋਟਿ ਧੰਨਵਾਦ
ਬੰਦੇ ਏਸ ਨਾਚੀਜ਼ ਤੇ
ਕੀਤੀ ਰਹਿਮਤਾਂ ਦੀ ਬਰਸਾਤ।

ਉਲਟੇ ਸਾਡੇ ਕਾਜ ਸਨ
ਤੇ ਪੁਲਟੇ ਸਾਡੇ ਸਾਜ਼
ਤਾਂ ਵੀ ਵਿਗੜੇ ਕੰਮ ਤੂੰ
ਕਰ ਦਿੱਤੇ ਹਨ ਰਾਸ।

ਨਾਲ ਤੂਫਾਨਾਂ ਭਿੜਨ ਦਾ
ਦੇ ਦਿੱਤਾ ਤੂੰ ਰਾਜ਼
ਡਰ ਦਿਲੇ ਚੋਂ ਕੱਢ ਕੇ
ਦੇ ਦਿੱਤਾ ਹੈ ਸਾਹਸ।

ਦਿਲ ਸਾਡੇ ਦੀ ਟੁਣਕ ਪਈ
ਨਾਲ ਕਾਦਰ ਦੇ ਤਾਰ
ਨਿੱਖਰ ਸਾਡਾ ਰੰਗ ਗਿਆ
ਤੇ ਕਾਲ਼ਖ ਹੋ ਗਈ ਸਾਫ਼।

ਫਰਿਸ਼ਤੇ ਉਤਰ ਆਕਾਸ਼ ਤੋਂ
ਰਹਿਣ ਲੱਗੇ ਸਾਡੇ ਨਾਲ
ਰਹਾ ਉੱਡਦਾ ਪੰਛੀ ਵਾਂਗਰਾਂ
ਹੋ ਹਲਕਾ ਵਿੱਚ 'ਸਮਾਨ।

ਪ੍ਰਾਣ ਉਛਾਲਾ ਖਾਂਵਦੇ
ਜਾ ਜੁੜੀਏ ਕਾਦਰ ਨਾਲ
ਹੋਰ ਨਹੀਂ ਕੁੱਛ ਮੰਗਦਾ
ਉਸ ਦਿੱਤੀ ਵਾਧੂ ਦਾਤ।

ਚੱਲਦੇ ਫਿਰਦੇ ਪੈਰ ਨੇ
ਜ਼ਿੰਦਗੀ ਰਹੇ ਰਵਾਨ
ਨਦੀ ਦੇ ਵਾਂਗੂੰ ਮੈਂ ਚੱਲਾਂ
ਟਕਰਾਵਾਂ ਨਾਲ ਤੂਫਾਨ।

ਕਲਮ ਆਪੇ ਹੀ ਚੱਲਦੀ
ਹਾਂ ਰਹਿੰਦਾ ਵਿੱਚ ਅਰਾਮ
ਮਨੇਸ ਨੂੰ ਦਾਤਾਂ ਤੇਰੀਆਂ
ਕਵਿਤਾ ਮਣੀਆਂ ਵਾਂਗ।

## ਕੱਤ ਲੈਣ ਦੇ ਪੂਣੀ ਵੇ!

ਕੱਤ ਲੈਣ ਦੇ ਕੱਤ ਲੈਣ ਦੇ
ਕੱਤ ਲੈਣ ਦੇ ਪੂਣੀ ਵੇ!
ਮੈਂ ਤਾਂ ਦੂਰ ਸੱਜਣ ਜੀ ਜਾਣਾ
ਕੀਤੀ ਵਾਟ ਜਰਾ ਨਾ ਪੂਰੀ ਵੇ!

ਤੂੰ ਨਾ ਰੋੜਾ ਬਣ ਮੇਰੇ ਰਾਹ ਦਾ
ਮੈਂ ਰਹਿ ਜਾਊਂ ਕਰਮ ਵਿਹੂਣੀ ਵੇ!
ਮੈਂ ਨਾ ਤੇਰੀ ਗੱਲ ਸੁਣ ਸਕਦੀ
ਮੇਰੀ ਬਣ ਗਈ ਏ ਮਜਬੂਰੀ ਵੇ!

ਏਹੇ ਤੰਦ ਬੇਕਾਰ ਨਾ ਸੱਜਣਾਂ
ਤੰਦ ਏਹ ਬਹੁਤ ਜਰੂਰੀ ਵੇ!
ਕਾਹਲ਼ੇ ਪਿਆਂ ਤਾਂ ਕੁਝ ਨਹੀਂ ਬਣਨਾ
ਹੁਣ ਰੱਖਣੀਂ ਪਊ ਸਬੂਰੀ ਵੇ!

ਜੇ ਤੰਦ ਧਰੀ ਧਰਾਈ ਰਹਿ ਗਈ
ਰਹਿ ਜਾਊਂ ਮੈਂ ਅਧੂਰੀ ਵੇ!
ਹੱਥ ਜੋੜ ਕੇ ਅਰਜ਼ ਕਰਾਂ ਮੈਂ
ਦੇ ਦੇ ਖਾਂ ਮਨਜ਼ੂਰੀ ਵੇ!

ਮੁੜ ਕੇ ਨਹੀਂ ਇਸ ਜਾਮੇ ਆਣਾ
ਮੇਰੇ ਅੰਦਰ ਉੱਠਦੀ ਲੂਗ੍ਹੀ ਵੇ!
ਦੁਨੀਆਂ ਨੇ ਤਾਂ ਭੁੱਲ ਹੈ ਜਾਣਾ
ਠੰਡੀ ਹੋਣ ਤੋਂ ਪਹਿਲਾਂ ਧੂਣੀ ਵੇ!

ਜੇ ਨਾ ਮੈਥੋਂ ਗਈ ਹੁਣ ਕੱਤੀ
ਫਿਰ ਮੈਥੋਂ ਚੰਗੀ ਪੂਣੀ ਵੇ!
ਝੱਬਦੇ ਝੱਬਦੇ ਤੰਦ ਪਾਉਣ ਦੇ
ਨਾ ਮਾਰ ਸੱਜਣ ਤੂੰ ਕੂਹਣੀ ਵੇ!

# ਬਸੰਤੀ ਸਵੇਰ

ਅੱਜ ਸਵੇਰ ਸੱਜਰ ਸੀ ਸੋਹਣੀ
ਮਿੱਠਾ ਰਾਗ ਸੁਣਾ ਗਈ ਸੀ
ਅਣਮੋਲ ਪਲਾਂ ਦੇ ਡੂੰਘੇ ਸਾਗਰ
ਗੋਤਾ ਇੱਕ ਲਵਾ ਗਈ ਸੀ।

ਦੂਰ ਦੁਰੇਡਿਉਂ ਅਤਰਾਂ ਭਿੰਨੀ
ਪੌਣ ਕੋਈ ਚਲਦੀ ਆ ਗਈ ਸੀ।
ਬੀਤੇ ਸਮੇਂ ਸੁਨਿਹਰੀ ਦੇ ਉਹ
ਕਈ ਇੱਕ ਰੰਗ ਵਿਖਾ ਗਈ ਸੀ

ਯਾਦਾਂ ਭਰੀ ਪਿਟਾਰੀ ਖੁੱਲ ਗਈ
ਜਦ ਬੱਦਲੀ ਮੰਡਰਾ ਗਈ ਸੀ।
ਪਾ ਕੇ ਆਹਟ ਅਸਾਂ ਦੀ ਕਾਨੀਂ
ਕਈ ਅੰਗੜਾਈਆਂ ਖਾ ਗਈ ਸੀ

ਦਿਲੇ ਹਰਫ਼ਾ ਦੀ ਯਾਦ ਚੁਨਿੰਦਾ
ਕਈ ਬਾਜ਼ੀਆਂ ਖਾ ਗਈ ਸੀ
ਬੀਜ਼ ਪੁੰਗਰਿਆ ਕਿਸਵੱਤ ਮਰਦਾ
ਜਦ ਰੁੱਤ ਬਸੰਤੀ ਆ ਗਈ ਸੀ।

ਦੀਪਕ ਰਾਗ ਬਸੰਤ ਸੁਣਾ ਕੇ
ਅੰਮ੍ਰਿਤ ਪਾਣ ਕਰਾ ਗਈ ਸੀ
ਪ੍ਰਾਣ ਅੱਲ੍ਹਾ ਨਾਲ ਇੱਕ ਮਿੱਕ ਹੋਏ
ਰੂਹ ਰੰਗ ਲਾਲ ਵਟਾ ਗਈ ਸੀ।

# ਕੁੱਲੂ

ਆਏ ਹਾਂ ਲੋਲਾਬ ਛੱਡ
ਵੇਖਣੇ ਨੂੰ ਕੁੱਲੂ
ਠੰਡਾ ਏ ਬਿਆਸ ਬੜਾ
ਵੇਖਾਂ ਭਰ ਚੁੱਲੂ।

ਰਹਿੰਦਾ ਸੀਗਾ ਪੁਰੀ ਏਥੇ
ਸਾਡਾ ਬੇਲੀ ਲੁੱਲੂ
ਰੌਣਕਾਂ ਨੇ ਖੂਬ ਏਥੇ
ਬੋਲਦੇ ਨਾ ਉੱਲੂ।

ਲੰਘ ਗਈ ਬਸੰਤ ਹੁਣ
ਆਈ ਗਰਮ ਏ ਰੁੱਤੂ
ਤਪਦੇ ਮੈਦਾਨਾਂ 'ਚ
ਪਸੀਨਾ ਖ਼ੂਬ ਡੁੱਲੂ।

ਵਿੱਚ ਬਈ ਪੰਜਾਬ ਦੇ
ਹਨੇਰੀ ਲੋਅ ਦੀ ਝੁੱਲੂ
ਦੇ ਗਏ ਜਵਾਬ ਹੁਣ
ਪੰਪ ਨਲਕੇ ਤੇ ਟੁੱਲੂ।

ਆਏ ਪੈਂਡਾ ਔਖਾ ਝਾਗ
ਅੱਜ ਨਸ-ਨਸ ਦੁਖੂ
ਸੌਂ ਜਾਣਾ ਅਸਾਂ ਰਾਤ
ਲੈ ਕੇ ਭਾਰਾ ਜਿਹਾ ਜੁੱਲੂ।

ਏਥੇ ਲੱਗਦਾ ਦੁਸਿਹਰਾ
ਏ ਮਸ਼ਹੂਰ ਬੜਾ ਕੁੱਲੂ
ਦੋ ਦਿਨ ਮਾਣ ਮੌਜਾਂ
ਅਸੀਂ ਕਹਿ ਜਾਣਾ ਹੁੱਲੂ।

ਆਏਂ ਆ ਝਮੇਲੇ ਛੱਡ
ਆਇਆ ਯਾਰ ਨਾਲ ਮੁੱਛੂ
ਕਰ ਲਈਆਂ ਯਾਦਾਂ ਕੈਦ
ਵਿੱਚ ਕਵਿਤਾ ਦੇ ਰੁੱਕੂ।

# ਅੰਮ੍ਰਿਤ ਬੂੰਦਾਂ

ਅੰਮ੍ਰਿਤ ਬੂੰਦਾਂ ਤੂੰ ਸੋਹਣਿਆ
ਹੱਸਕੇ ਰੋਜ਼ ਪਲ਼ਾਉਂਦਾ ਜਾ
ਨਾ ਕਰ ਘਾਲ਼ੇ ਮਾਲ਼ੇ ਸੱਜਣਾਂ
ਧੀਰਜ ਰੋਜ਼ ਬੰਨ੍ਹਾਉਦਾ ਜਾ

ਏਹ ਪਵਿੱਤਰ ਚੀਜ਼ ਬੜੀ ਏ
ਹਯਾਤੇ ਆਬ ਪਲ਼ਾਉਂਦਾ ਜਾ
ਸੁਖਦ ਹਵਾਵਾਂ ਰਹਿਣ ਰੁਮਕਦੀਆਂ
ਇਤਰ ਤੂੰ ਵਿੱਚ ਮਿਲਾਉਂਦਾ ਜਾ

ਛਾਂ ਘਨੇਰੀ ਇਸਦੀ ਸੱਜਣਾਂ
ਠੰਢਕ ਰੋਜ਼ ਵਧਾਉਂਦਾ ਜਾ
ਛੱਡ ਪਰ੍ਹਾਂ ਹੁਣ ਵੰਡਣੀਂ ਗਰਮੀਂ
ਸ਼ੀਤਲ ਨੀਰ ਪਲਾਉਂਦਾ ਜਾ

ਨਹੀਂ ਭਰੋਸਾ ਕੋਈ ਸਾਹਾਂ ਦਾ
ਆਪਣਾ ਪੰਧ ਮੁਕਾਉਂਦਾ ਜਾ
ਹੀਰੇ ਵਰਗੀ ਏਹ ਜ਼ਿੰਦਗਾਨੀ
ਬੱਲੀ ਲੇਖੇ ਲਾਉਂਦਾ ਜਾ

ਦਿਲ ਦਰਿਆ ਸਮੁੰਦਰੋਂ ਡੂੰਘੇ
ਇਸਦੀ ਹਾਥ ਵਧਾਉਂਦਾ ਜਾ
ਦਰਦ ਦਿਲਾਂ ਦੇ ਤੂੰ ਜਾਣਦਾ
ਦਾਰੂ ਦਵਾ ਪਲਾਂਉਂਦਾ ਜਾ

ਚੱਲਦਾ ਚੱਲਦਾ ਤੂੰ ਮਨੇਸਾ
ਗੀਤ ਨਵਾਂ ਕੋਈ ਗਾਉਂਦਾ ਜਾ।
ਮਿੱਠਾ ਜਿਹਾ ਰਾਗ ਛੇੜ ਕੇ
ਮਧੁਰ ਕੋਈ ਤਾਨ ਸੁਣਾਉਂਦਾ ਜਾ।

## ਹਿੰਦੋਸਤਾਨ ਦੀ ਸੈਰ

ਦਾਤਾ ਤੇਰੀ ਦਾਤ ਬੜੀ ਏ
ਦਾਤ ਇਹ ਬੜੀ ਕਮਾਲ ਦੀ
ਪੈਰ ਸਾਡੇ ਵਿੱਚ ਚੱਕਰ ਪਾਇਆ
ਕਰਾਂ ਸੈਰ ਮੈਂ ਹਿੰਦੋਸਤਾਨ ਦੀ।

ਪਹਿਲਾਂ ਸਾਂ ਸਵਾਰੀ ਬੱਸ ਦੀ
ਫਿਰ ਛਕ ਛਕ ਹਿੰਦੋਸਤਾਨ ਦੀ
ਖੂਬ ਦਬੱਲੀ ਕਾਰ ਅਸਾਂ ਨੇ
ਹੁਣ ਭਰਾਂ ਉਡਾਣ ਜਹਾਜ਼ ਦੀ।

ਹਿਮ ਆਂਚਲ ਦਾ ਅੰਮ੍ਰਿਤ ਪੀਤਾ
ਪੰਜ ਨਦੀਆਂ ਦਾ ਆਬ ਸੀ
ਸ਼ੀਤਲ ਪੌਣ ਸਮੁੰਦਰੀਂ ਮਾਣੀ
ਖ਼ੂਬ ਮਾਣੀ ਮੌਜ ਪਠਾਰ ਸੀ

ਝਾਰਖੰਡ ਦੀਆਂ ਖਾਣਾਂ ਘੰਮ ਗਏ
ਗੀਰ ਜੰਗਲ ਗੁਜਰਾਤ ਸੀ
ਮਾਰਵਾੜ ਦੇ ਅੰਦਰੋਂ ਲੰਘ ਕੇ
ਘੁੰਮ ਆਏ ਕਾਠੀਆਵਾੜ ਸੀ।

ਵਿੱਚ ਕਸ਼ਮੀਰ ਮੈਂ ਮੇਵੇ ਖਾਂਦਾ
ਧੂੜ ਫ਼ੱਕ ਕੇ ਗੰਗ ਮੈਦਾਨ ਦੀ।
ਅੰਮ੍ਰਿਤ ਬੂੰਦਾਂ ਰੱਜ ਰੱਜ ਪੀਵਾਂ
ਵਿੱਚ ਘਾਟੀ ਬੈਠ ਲੋਲਾਬ ਦੀ।

... ... ... ... ...

ਹਿਮਆਚਲ ਦੇ ਬੰਦਿਆਂ ਦੀ
ਦੇਹੀ ਹੈ ਛੜੀ ਦੇ ਨਾਲ ਦੀ
ਵੱਲ ਵਲੇਵੇਂ ਦਿਲ ਵਿਚ ਰੱਖਣ
ਰਾਹ ਤੇ ਮੌਸਮ ਵਾਂਗ ਈ।

ਵਿਚ ਪੰਜਾਬ ਵਸੇਂਦੇ ਬੰਦੇ
ਬਿਲਕੁਲ ਸਰਲ ਸਪਾਟ ਈ
ਨਾਡੂ ਖਾਂ ਦੀ ਤੜੀ ਨਾ ਝੱਲਣ
ਪਿਆਰ ਤੇ ਦੇਂਦੇ ਜਾਨ ਈ।

ਕੰਮ ਦੇ ਵਿਚ ਗੁਜਰਾਤੀ ਰੱਖਣ
ਆਪਣਾ ਖ਼ੂਬ ਧਿਆਨ ਈ
ਨਾਲ ਖ਼ੂਬੀਆਂ ਭਰਿਆ ਬੰਦਾ
ਸੁੰਦਰ ਬਹੁਤ ਸਮਾਜ ਈ।

ਗੰਗ ਮੈਦਾਨ 'ਚ ਭੀੜ ਭੜੱਕਾ
ਬੰਦਾ ਭੌਣ ਕੀੜੀਆਂ ਵਾਂਗ ਈ
ਰੇਜਾਂ ਉੱਤੇ ਥੱਲਿਓਂ ਭਰੀਆਂ
ਨਾ ਵਹਿਜਾ ਕੋਈ ਸਥਾਨ ਈ।

ਝਾਰਖੰਡ ਵਿਚ ਭਰੀਆਂ ਥਾਂਵਾਂ
ਨੇਤਾ ਭੁੱਖ ਮਿਟਾਣ ਈ
ਆਮ ਬੰਦੇ ਦੀ ਜੂਨ ਕੋਈ ਨਾ
ਲੋਕੀਂ ਛੱਪੜੀ ਨਾਹਣ ਈ।

ਕਸ਼ਮੀਰ ਦੇ ਅੰਦਰ ਠਾਹ ਠੂਹ ਹੁੰਦੀ
ਗੰਨ ਦਾ ਚੱਲਦਾ ਰਾਜ ਈ
ਸੁੰਦਰ ਏਹੋ ਧਰਤ ਵੇਖਕੇ
ਡੋਲੇ ਵੈਰੀ ਦਾ ਇਮਾਨ ਈ।

# ਤਮੰਨਾ

ਨਹੀਂ ਤਮੰਨਾ ਮੇਰੀ ਕਿ ਮੈਂ
ਪੈਲਾਂ ਸੌ ਵਰਿਆਂ ਥੀਂ ਪਾਵਾਂ
ਇੱਕੋ ਪੈਲ ਪਵਾਏ ਦਾਤਾ
ਫਿਰ ਚਾਹੇ ਭਰ ਜਵਾਨੀ ਜਾਵਾਂ।

ਨਹੀਂ ਤਮੰਨਾ ਮੇਰੀ ਕਿ ਮੈਂ
ਧਾਂਕਾਂ ਮੋਰਾਂ ਦੀਆਂ ਚਿਣ ਜਾਵਾਂ
ਹੈ ਅਵਾਜ਼ ਦਿਲੇ ਦੀ ਸਾਡੀ
ਕੁੱਝ ਕੁ ਨਵੀਆਂ ਪਿਰਤਾਂ ਪਾਵਾਂ।

ਨਹੀਂ ਤਮੰਨਾ ਮੇਰੀ ਕਿ ਮੈਂ
ਵਿੱਚ ਠੀਕਰੀਆਂ ਵਿਕ ਜਾਵਾਂ
ਏਹਦੇ ਨਾਲੋਂ ਬਿਹਤਰ ਜਾਪਣ
ਸੱਜਣਾਂ ਦੀਆਂ ਸੋਹਲ ਦੁਆਵਾਂ।

ਨਹੀਂ ਤਮੰਨਾਂ ਮੇਰੀ ਕਿ ਮੈਂ
ਬਣਾਂ ਸੂਰਜ ਦਾ ਸਿਰਨਾਵਾਂ
ਪਰ ਸੰਝ ਪਈ ਤੋਂ ਦੀਪਕ ਬਣਕੇ
ਬਲ਼ਦਾ ਹੀ ਬੁਝ ਜਾਵਾਂ।

ਨਹੀਂ ਤਮੰਨਾ ਮੇਰੀ ਕਿ ਮੈਂ
ਵੱਡ ਉੱਚੇ ਮਹਿਲ ਬਣਾਵਾਂ
ਜਾ ਕੇ ਆਪਣੀ ਨਗਰੀ ਅੰਦਰ
ਸੋਹਣੀ ਇੱਕ ਝੌਂਪੜੀ ਪਾਵਾਂ।

ਨਹੀਂ ਤਮੰਨਾ ਮੇਰੀ ਕਿ ਮੈਂ
ਲਿਖ ਢੇਰ ਕਿਤਾਬਾਂ ਜਾਵਾਂ
ਹਰਫ਼ ਦਿਲੇ ਦੇ ਹੋਵਣ ਪੂੰਜੀ
ਲਿਖਾਂ ਅਤੇ ਤੁਰ ਜਾਵਾਂ।

ਨਹੀਂ ਤਮੰਨਾ ਮੇਰੀ ਕਿ ਮੈਂ
ਮੁੜ ਆਦਮ ਜੂਨੇ ਆਵਾਂ
ਇੱਕ ਪਰਿੰਦਾ ਬਣਜਾਂ ਐਸਾ
ਉੱਡਦਾ ਵਿੱਚ ਹਵਾਵਾਂ ਜਾਵਾਂ।

ਸੱਤ ਸਮੁੰਦਰ ਦੂਰ ਪਹੁੰਚ ਜਾਂ
ਧਰਤੀ ਖੰਭ ਨਾ ਲਾਵਾਂ
ਏਸ ਧਰਤ ਤੋਂ ਬਿਲਕੁਲ ਵੱਖਰੀ
ਦੁਨੀਆਂ ਨਵੀਂ ਵਸਾਵਾਂ।

ਐਸੀ ਧਰਤ ਹੋਵੇ ਉਹ ਸੋਹਣੀ
ਚਿੱਟੀਆਂ ਬਰਫ਼ਾਂ ਸਰਦ ਹਵਾਵਾਂ
ਸੁਭਾ ਸ਼ਾਮ ਮੈਂ ਗਾਈ ਜਾਵਾਂ
ਲਿਖੀਆਂ ਜੋ ਕਵਿਤਾਵਾਂ।

## ਇੱਕ ਛੋਪਾ!

ਬੀਤ ਗਿਆ ਅਲਬੇਲਾ ਬਚਪਨ
ਖਿੱਦੋ ਖੂੰਡੀ ਖੇਡਦਿਆਂ
ਜਾਣ ਨਾ ਕਰੀਆਂ ਸਿਫਤਾਂ ਸਾਥੋਂ
ਭਰੀ ਮਸਤੀ ਬਾਲ ਵਰੇਸ ਦੀਆਂ।

ਚੜਕੇ ਆਈ ਮਸਤ ਜਵਾਨੀ
ਗੱਲਾਂ ਸੋਹਣੀਆਂ ਸੀ ਦੁਪੈਹਰ ਦੀਆਂ
ਦਿਲੇ ਹਸਰਤਾਂ ਜੋ ਸੰਜੋਈਆਂ
ਹੋਈਆਂ ਪੂਰੀਆਂ ਖੂਬ 'ਮਨੇਸ' ਦੀਆਂ।

ਪੂਰ ਨਿੱਕਲ ਰਿਹਾ ਸੱਜਣਾਂ ਦਾ
ਹੁਣ ਸਾਡੀ ਵੀ ਹੈ ਦੇਰ ਕਿਆ
ਜੇ ਲੇਖੇ ਨਾ ਲਾਈ ਜ਼ਿੰਦਗਾਨੀ
ਮਜ਼ਾ ਜ਼ਿੰਦਗੀ ਦਾ ਹੈ ਫੇਰ ਕਿਆ।

ਹੁਣ ਬੈਠ ਕੇ ਕਲਮ ਚਲਾਵਾਂ
ਗੱਲ ਕੁਦਰਤ ਕਾਦਰ ਛੇੜਦਿਆਂ
ਜਾਣ ਤੋਂ ਪਹਿਲਾਂ ਦੁਨੀਆਂ ਤੋਂ
ਪਏ ਛੋਪਾ ਇੱਕ ਅਟੇਰ ਨੇਆਂ।

# ਮੈਂ ਤੇ ਮੇਰਾ ਗਰਾਂ

ਮਿੱਟੀ ਦਾ ਮੈਂ ਪੁਤਲਾ
ਮਿੱਟੀ ਮੇਰਾ ਨਾਂ
ਮਿੱਟੀ ਮੇਰਾ ਬਾਪ ਹੈ
ਮਿੱਟੀ ਮੇਰੀ ਮਾਂ।

ਪਾਣੀ ਦਾ ਮੈਂ ਬੁਲਬੁਲਾ
ਥੋੜੀ ਦੇਰ ਹਵਾ
ਦੋ ਪਲਾਂ ਲਈ ਜੀਵਣਾ
ਪਾਣੀ ਫੇਰ ਫ਼ਨ੍ਹਾ।

ਮੈਂ ਅਗਨ ਦੀ ਲਾਟ ਹਾਂ
ਪਲ ਪਲ ਪਿਆ ਬਲਾਂ
ਏਸ ਅਗਨ ਵਿੱਚ ਇੱਕ ਦਿਹੂੰ
ਸੱਜਣਾਂ ਮਿਲਣਾਂ ਜਾ।

ਪੰਛੀ ਨੀਲ ਗਗਨ ਦਾ
ਮੈਂ ਜੰਗਲੀਂ ਚੋਗ ਚੁਗਾਂ
ਪ੍ਰਦੇਸੀਂ ਪਾਵਾਂ ਆਲ੍ਹਣਾ
ਮੈਂ ਬਦਲਾਂ ਨਿੱਤ ਗਰਾਂ।

ਦੋ ਸਾਹਾਂ ਦਾ ਖੇਲ ਹਾਂ
ਵੱਧ ਔਕਾਤ ਹੈ ਨਾ
ਇੱਕ ਜਦੋਂ ਲੜਖਾ ਗਿਆ
ਦੇਣੀ ਬਾਜ਼ੀ ਓਸ ਮੁਕਾ।

ਓਏ! ਪੰਜ ਤੱਤਾਂ ਦੇ ਤਤੜਿਆ
ਤੇਰੀ ਹੋਣੀ ਇੱਕ ਦਿਨ ਠਾਹ
ਦਿਨ ਦੀਵੀਂ ਮਿੱਤਰਾਂ ਚੁੱਕ ਕੇ
ਆਣਾ ਪੱਕੇ ਛੱਡ ਗਰਾਂ।

## ਸ਼ੰਗ੍ਰੀਲਾ ਹੁੰਝਾ ਤੇ ਪੰਜਾਬ

ਚੱਲਦੀ ਏ ਨਦੀ
ਅਤੇ ਚੱਲੇ ਦਰਿਆ ਵੇ!
ਹੰਸ ਬਣ ਸੋਹਣਿਆ
ਉਡਾਰੀ ਮਾਰ ਆ ਵੇ!

ਠੰਡੀਆਂ ਨੇ ਕੂਲਾਂ ਏਥੇ
ਠੰਡੀ ਏ ਹਵਾ ਵੇ!
ਸੋਹਣੇ ਏਥੇ ਫ਼ੁੱਲ ਖਿੜੇ
ਮਖ਼ਮਲੀ ਘਾਹ ਵੇ!

ਐਂਵੇ ਨਾ ਤੂੰ ਦੂਰ ਰਹਿ ਕੇ
ਦਰਦ ਹੰਢਾ ਵੇ!
ਤੇਰੇ ਨਾਲੋਂ ਪੰਛੀ ਚੰਗੇ
'ਡਾਰੀਆਂ ਲਗਾ ਵੇ!

ਛੱਡ ਦੇ ਝਮੇਲੇ ਪਰਾਂ
ਫੜ ਲੈ ਤੂੰ ਰਾਹ ਵੇ!
ਚਿੜੀਆਂ ਤੋਂ ਸੀਖ ਲੈਕੇ
ਮਾਣ ਖੁੱਲੀ ਆ ਫ਼ਿਜ਼ਾ ਵੇ!

ਐਵੇਂ ਨਾ ਤੂੰ ਦੂਰ ਹੋ
ਨਾ ਸਾਨੂੰ ਤੜਪਾ ਵੇ!
ਦੱਸ ਸਾਨੂੰ ਸੋਹਣਿਆ ਤੂੰ
ਹੋਇਆ ਕੀ ਗੁਨਾਹ ਵੇ!

ਬਾਗਾਂ 'ਚ ਬਹਾਰ ਆਈ
ਬਸੰਤ ਗਈ ਏ ਛਾ ਵੇ!
ਸਾਡੇ ਨਾਲੋਂ ਪੰਛੀ ਚੰਗੇ
ਰਹੇ ਗੀਤ ਮਿੱਠਾ ਗਾ ਵੇ!

ਕੁਦਰਤ ਏਥੇ ਬਾਘੀਆ ਪਾਵੇ
ਰੁਮਕੇ ਹਵਾ ਵੇ
ਆਬ ਤੂੰ ਹਯਾਤੀ ਵਾਲਾ
ਤੇ ਸਵਾਤੀ ਬੂੰਦ ਪਾ ਵੇ!

ਸਾਡਿਆਂ ਵੀ ਫ਼ਰਜ਼ਾਂ ਦਾ
ਦੇਈਏ ਹਿੱਸਾ ਪਾ ਵੇ!
ਰਲ਼ ਮਿਲ਼ ਸਾਰੇ ਘਾਟੀ
ਦੇਈਏ ਚਮਕਾ ਵੇ!

ਲੋਕਾਂ ਦੀਆਂ ਸੁਣ ਸੁਣ
ਹੋ ਨਾ ਗੁਮਰਾਹ ਵੇ!
ਦੇਸ਼ ਦੀ ਤਰੱਕੀ ਵਿੱਚ
ਹਿੱਸਾ ਦੇਈਏ ਪਾ ਵੇ!

ਇੱਧਰ ਸ਼ੰਗ੍ਰੀਲਾ ਵਸੇ
ਉੱਧਰ ਹੁੰਝਾ ਵੇ!
ਕਰੀਏ ਦੁਆਵਾਂ ਦਿਲੋਂ
ਖ਼ੁਦਾ ਦੇ ਮਿਲਾ ਵੇ!

ਇਹੋ ਹੀ ਪੰਜਾਬ ਲਈ
ਮੰਗੀ ਏ ਦੁਆ ਵੇ!
ਮਿਲ ਬੈਠੋ ਹਾਕਮੋ!
ਪੰਜਾਬਾਂ ਨੂੰ ਮਿਲਾ ਵੇ!

ਗੋਲੀਆਂ ਦੀ ਗੂੰਜ ਤੋਂ
ਲੋਕ ਸੀ ਤ੍ਰਾਹ ਵੇ!
ਚੁੱਕ ਕੇ ਅਟੈਚੀ ਹਾਂ
ਲੋਲਾਬੇ ਗਏ ਆ ਵੇ!

ਨਾਜ਼ਮਾਂ ਤੂੰ ਸਾਨੂੰ
ਪ੍ਰਵਾਨੇ ਨਾ ਵਿਖਾ ਵੇ!
ਅਸੀਂ ਖ਼ੁਦ ਪ੍ਰਵਾਨੇ
ਨਹੀਂਉ ਸਾਨੂੰ ਪ੍ਰਵਾਹ ਵੇ।

ਮਨੇਸ ਨੂੰ ਲੋਲਾਬ ਚੰਨਾ
ਦਿਲੇ ਗਿਆ ਭਾਅ ਵੇ!
ਬੈਠ ਗਿਆ ਆਣ ਏਥੇ
ਡੇਰਾ ਹੁਣ ਲਾ ਵੇ!

## ਪਿਆਰ ਦੇ ਸਰੋਤ ਸੁੱਕ ਗਏ

ਪਿਆਰ ਦੇ ਸਰੋਤ ਸੁੱਕ ਗਏ
ਬੰਦਾ ਬੰਦੇ ਤੋਂ ਹੋ ਗਿਆ ਆਰੀ
ਪੈਸੇ ਨੇ ਤਾਂ ਮੱਤ ਮਾਰਤੀ
ਬੰਦਾ ਬਣ ਗਿਆ ਹੁਣ ਤਾਂ ਵਪਾਰੀ।
ਪਿਆਰ ਦੇ ਸਰੋਤ ਸੁੱਕ ਗਏ
ਬੰਦਾ ਬੰਦੇ ਤੋਂ ਹੋ ਗਿਆ ਆਰੀ।

ਕੀ ਕਹਿਣਾ ਏਹਨਾਂ ਬੰਦਿਆਂ ਦਾ
ਜਿਉਂਦੇ ਜਾਗਦੇ ਬਣੇ ਬੁੱਤ ਭਾਰੀ
ਤੇ ਖੂਨ ਵਿੱਚ ਰਿਹਾ ਮੂਲ ਨਾਂ
ਵੇਖੋ ਨਸ਼ਿਆਂ ਨੇ ਕਿੰਝ ਮੱਤ ਮਾਰੀ!
ਪਿਆਰ ਦੇ ਸਰੋਤ ਸੁੱਕ ਗਏ
ਬੰਦਾ ਬੰਦੇ ਤੋਂ ਹੋ ਗਿਆ ਆਰੀ।

ਉਹ ਪਸ਼ੂਆਂ ਤੋਂ ਅੱਡ ਕੋਈ ਨਾ
ਜਾਂਦੇ ਦਿਨ ਨੇ ਸਾਰਾ ਮੂੰਹ ਮਾਰੀ
ਤੇ ਚੁਗਲੀ ਤੇ ਨਿੰਦਿਆ ਦੀ
ਲੋਕੋ ਲੱਗ ਗਈ ਬਿਮਾਰੀ ਭਾਰੀ।
ਪਿਆਰ ਦੇ ਸਰੋਤ ਸੁੱਕ ਗਏ
ਬੰਦਾ ਬੰਦੇ ਤੋਂ ਹੋ ਗਿਆ ਆਰੀ।

ਉਹ ਚੇਹਰੇ ਉੱਤੋਂ ਨੂਰ ਉਡਿਆ
ਗਈ ਫੈਲ ਮੁਰਦੇਹਾਣੀ ਭਾਰੀ
ਤੇ ਦਿਲ ਵਿੱਚ ਚੀਸਾਂ ਪੈਂਦੀਆਂ
ਵੇਖ ਲੋਕਾਂ ਵਿੱਚ ਪਸਰੀ ਲਾਚਾਰੀ।
ਪਿਆਰ ਦੇ ਸਰੋਤ ਸੁੱਕ ਗਏ
ਬੰਦਾ ਬੰਦੇ ਤੋਂ ਹੋ ਗਿਆ ਆਰੀ।

ਕੀ ਕਹਿਣਾ ਏਸ ਦੁਨੀਆਂ ਦਾ
ਏਸ ਫੂਕਤੀ ਲਿਆਕਤ ਸਾਰੀ
ਤੇ ਅੱਗਾਂ ਅਤੇ ਦੰਗਿਆਂ ਨੇ
ਫੂਹੜੀ ਮਾਤਮਾ ਦੀ ਥਾਂ ਥਾਂ ਪਸਾਰੀ।
ਪਿਆਰ ਦੇ ਸਰੋਤ ਸੁੱਕ ਗਏ
ਬੰਦਾ ਬੰਦੇ ਤੋਂ ਹੋ ਗਿਆ ਆਰੀ।

ਉਹ ਜ਼ੋਰ ਅਜ਼ਮਾਇਸਾਂ ਵਿੱਚ ਹੀ
ਹੁਣ ਪੈ ਗਈ ਸਿਆਸਤ ਸਾਰੀ
ਤੇ ਸ਼ਾਂਤੀ ਹੁਣ ਖੰਭ ਲਾ ਗਈ
ਜੁੱਤੀ ਬਣ ਗਈ ਮਜ਼ਾਇਲ ਹੁਣ ਭਾਰੀ।
ਪਿਆਰ ਦੇ ਸਰੋਤ ਸੁੱਕ ਗਏ
ਬੰਦਾ ਬੰਦੇ ਤੋਂ ਹੋ ਗਿਆ ਆਰੀ।

ਉਹ ਬੀਅ ਅਜੇ ਮਰਿਆ ਨਹੀਂ
ਰਹਿ ਗਈ ਏ ਕੋਈ ਵਿਰਲੀ ਕਿਆਰੀ
ਪਿਆਰ ਦਿਆਂ ਦੋਖੀਆਂ ਦੀ
ਹੁਣ ਚੱਲਦੀ ਫਿਰੇ ਸਰਦਾਰੀ।
ਪਿਆਰ ਦੇ ਸਰੋਤ ਸੁੱਕ ਗਏ
ਬੰਦਾ ਬੰਦੇ ਤੋਂ ਹੋ ਗਿਆ ਆਰੀ।

ਕਚਿਹਰੀਆਂ 'ਚ ਫਿਰੇ ਰੁਲ਼ਦੀ
ਅੱਜ ਪਿਆਰ ਦੀ ਜੋ ਰੂਹ ਹੈ ਨਿਆਰੀ
ਵੇ ਜ਼ਿੰਦ ਹੁਣ ਫਿਰੇ ਲੜਦੀ
ਪੈ ਗਏ ਜੋ ਮੁਕੱਦਮੇ ਭਾਰੀ।
ਪਿਆਰ ਦੇ ਸਰੋਤ ਸੁੱਕ ਗਏ
ਬੰਦਾ ਬੰਦੇ ਤੋਂ ਹੋ ਗਿਆ ਆਰੀ।

ਵਾਣੀ ਹੁਣ ਹੋਈ ਕੜਵੀ
ਕਾਂਜੀ ਦੁੱਧ 'ਚ ਮਿਲਾ ਦਿੱਤੀ ਭਾਰੀ
ਉਹ ਮਿੱਠੀਆਂ ਜ਼ੁਬਾਨਾਂ ਵਾਲਿਓ!
ਜੀਭਾ ਹੋ ਗਈ ਤੁਹਾਡੀ ਕਿਉਂ ਖਾਰੀ!
ਪਿਆਰ ਦੇ ਸਰੋਤ ਸੁੱਕ ਗਏ
ਬੰਦਾ ਬੰਦੇ ਤੋਂ ਹੋ ਗਿਆ ਆਰੀ।

ਉਏ ਧਰਮ ਦੇ ਠੇਕੇਦਾਰਾਂ ਨੇ
ਪਾ ਲਈ ਏ ਲੀਡਰਾਂ ਯਾਰੀ
ਇੱਕ ਹੱਥ ਫੜੀ ਤਸਬੀ
ਦੂਜੇ ਹੱਥ ਵਿੱਚ ਫੜੀ ਏ ਕਟਾਰੀ।
ਪਿਆਰ ਦੇ ਸਰੋਤ ਸੁੱਕ ਗਏ
ਬੰਦਾ ਬੰਦੇ ਤੋਂ ਹੋ ਗਿਆ ਆਰੀ।

ਪਿਆਰ ਦੇ ਸਰੋਤ ਸੁੱਕ ਗਏ
ਬੰਦਾ ਬੰਦੇ ਤੋਂ ਹੋ ਗਿਆ ਆਰੀ
ਪੈਸੇ ਨੇ ਤਾਂ ਮੱਤ ਮਾਰਤੀ
ਬੰਦਾ ਬਣ ਗਿਆ ਹੁਣ ਤਾਂ ਵਪਾਰੀ।
ਪਿਆਰ ਦੇ ਸਰੋਤ ਸੁੱਕ ਗਏ
ਬੰਦਾ ਬੰਦੇ ਤੋਂ ਹੋ ਗਿਆ ਆਰੀ।

## ਨੀਂ ਪੰਜਾਬਣੇ !

ਆਜਾ ਨੀਂ ਪੰਜਾਬਣੇ ਸੁਣਾਵਾਂ ਗੱਲ ਤੇਰੀ
ਜੇਹੜੀ ਕਰਦੀ ਸੈਂ ਪਹਿਲਾਂ ਤੂੰ ਕਮਾਲ ਨੀਂ ਪੰਜਾਬਣੇ
ਗਿੱਧਿਆਂ ਦੀ ਰਾਣੀ ਸੈਂ ਸ਼ਿੰਗਾਰ ਸੈਂ ਤ੍ਰਿੰਜਣਾਂ ਦਾ
ਹੁਣ ਆਪੇ ਹੀ ਤੂੰ ਵੇਖ ਤੇਰਾ ਹਾਲ ਨੀਂ ਪੰਜਾਬਣੇ।

ਉੱਠ ਕੇ ਸਵੇਰੇ ਨੀਂ ਮਧਾਣੀਆਂ ਨੂੰ ਪਾਉਣਾ
ਨਾਲੇ ਕੱਢਦੀ ਸੈਂ ਵਾੜੇ ਜਾ ਕੇ ਧਾਰ ਨੀਂ ਪੰਜਾਬਣੇ
ਸਾਂਭ ਘਰ ਬਾਰ ਨੀਂ ਪਕਾਉਂਦੀ ਸੈਂ ਤੂੰ ਤਾਉਣਾ
ਪੂਰਾ ਕਰਕੇ ਤੰਦੂਰ ਸੈਂ ਤੂੰ ਲਾਲ ਨੀਂ ਪੰਜਾਬਣੇ।

ਕਦੇ ਨੀਂ ਤੂੰ ਹੁੰਦੀ ਸੀਗੀ ਗਿੱਧਿਆਂ ਦੀ ਰਾਣੀ
ਕਦੇ ਤਿੰਝਣਾਂ ਦਾ ਹੁੰਦੀ ਸੈਂ ਸ਼ਿੰਗਾਰ ਨੀਂ ਪੰਜਾਬਣੇ
ਹੁਣ ਤੇਰਾ ਜ਼ੋਰ ਦੱਸ ਕਿੱਥੇ ਨੀਂ ਗਿਆ
ਕਿਉਂ ਨਾ ਟੁੱਟੇ ਹੁਣ ਚਰਖ਼ੇ ਦੀ ਮਾਲ੍ਹ ਨੀਂ ਪੰਜਾਬਣੇ।

ਖੇਤਾਂ ਵਿੱਚ ਜਾ ਕੇ ਨੀਂ ਕਪਾਹਾਂ ਸੈਂ ਤੂੰ ਚੁੱਗਦੀ
ਮਿਰਚਾਂ ਸੈਂ ਤੋੜਦੀ ਤੂੰ ਲਾਲ ਨੀ ਪੰਜਾਬਣੇ
ਸਮੇਂ ਦੀ ਨਾ ਹੁੰਦੀ ਸੀ ਨੀ ਘਾਟ ਤੇਰੇ ਕੋਲੇ
ਪਾਉਂਦੀ ਸੈਂ ਤੂੰ ਚੱਕੀ ਦਾ ਘੁਘਾਟ ਨੀਂ ਪੰਜਾਬਣੇ।

ਤੂੰ ਭੱਤਾ ਲੈ ਕੇ ਜਾਂਦੀ ਸੈਂ ਦੁਪਿਹਰੇ ਖੇਤਾਂ ਵਿੱਚ
ਜਿੱਥੇ ਕਰਦਾ ਸੀ ਮਾਹੀ ਕੰਮਕਾਰ ਨੀਂ ਪੰਜਾਬਣੇ
ਦੋਨੋ ਜਣੇ ਕਰਦੇ ਸੀ ਖੇਤਾਂ ਵਿੱਚ ਚੋਲ਼ਮੋਲ
ਵਾਧੂ ਪਾਉਂਦੀ ਸੈਂ ਤੂੰ ਮਾਹੀ ਦਾ ਪਿਆਰ ਨੀਂ ਪੰਜਾਬਣੇ।

ਸਮੇਂ ਵਿੱਚੋਂ ਸਮਾਂ ਕੱਢ ਲੈਂਦੀ ਸੈਂ ਕਸੀਦਾ ਕੱਢ
ਬੈਠ ਕੇ ਸਹੇਲੀਆਂ ਦੇ ਨਾਲ ਨੀਂ ਪੰਜਾਬਣੇ
ਮੋਰ ਅਤੇ ਘੁੱਗੀਆਂ ਸੈਂ ਪਾਉਂਦੀ ਨੀਂ ਰੁਮਾਲਾਂ ਉੱਤੇ
ਮਾਹੀ ਵੱਲ ਰਹਿੰਦਾ ਸੀ ਧਿਆਨ ਨੀਂ ਪੰਜਾਬਣੇ।

ਸੌਣ ਦੇ ਮਹੀਨੇ ਵਿੱਚ ਪੀਂਘਾਂ ਸੈਂ ਝੂਟਾਉਂਦੀ
ਅੱਗ ਚੋਬਰਾਂ ਦੇ ਸੀਨੇ ਵਿੱਚ ਬਾਲ ਨੀਂ ਪੰਜਾਬਣੇ
ਮਾਹੀ ਦੀ ਨੀਂ ਯਾਦ ਵਿੱਚ ਦਿਲ ਤੜਪਾ ਕੇ
ਗਾਉਂਦੀ ਮਿੱਠਾ ਜਿਹਾ ਪਿਆਰ ਦਾ ਤੂੰ ਗਾਣ ਸੈਂ ਪੰਜਾਬਣੇ।

ਤੇਰੇ ਨੀਂ ਮੁਖਾਰ ਉੱਤੇ ਰੌਂਈਂ ਨਾ ਕੋਈ ਜਾਪੇ ਹੁਣ
ਛੱਡ ਗਈਂ ਏ ਸਾਰੇ ਕੰਮਕਾਰ ਨੀਂ ਪੰਜਾਬਣੇ
ਮੇਹਨਤਾਂ ਦੇ ਨਾਲ ਤੇਰਾ ਰੰਗ ਸੀਗਾ ਲਾਲ
ਹੱਥ ਹੁੰਦੇ ਸੀਗੇ ਪੇੜਿਆਂ ਦੇ ਵਾਂਗ ਨੀਂ ਪੰਜਾਬਣੇ।

ਤੇਰਾ ਹੋਇਆ ਬੁਰਾਹਾਲ ਮੋਹ ਡਾਲਰਾਂ ਦੇ ਨਾਲ
ਛੱਡ ਕੇ ਪੰਜਾਬੀ ਮੂੰਹ ਮਾਰੇਂ 'ਗ੍ਰੇਜ਼ੀ ਦੇ ਤੂੰ ਨਾਲ ਨੀ ਪੰਜਾਬਣੇ
ਕੱਟ ਕੇ ਤੂੰ ਵਾਲ ਖੋ ਲਈ ਏ ਪਛਾਣ
ਤੇਰਾ ਕੌਣ ਨੀਂ ਸੰਭਾਲੂ ਸੱਭਚਾਰ ਨੀਂ ਪੰਜਾਬਣੇ।

ਡਿਸਕੋ ਦਿਵਾਨੀ ਹੋ ਗਈ ਜੀਨ ਤੇ ਪਜਾਮੀਂ ਹੋ ਗਈ
ਕਿੱਥੇ ਘੱਗਰੇ ਦੀ ਲੌਣ ਦੀ ਏ ਸ਼ਾਨ ਨੀਂ ਪੰਜਾਬਣੇ
ਬੈਠ ਕੇ ਲੋਲਾਬ ਨੀਂ  ਮਨੇਸ ਝਾਤ ਮਾਰੇ
ਭੁੱਲੀ ਮੰਜੇ ਦੀ ਤੂੰ ਕੱਸਣੀ ਨਵਾਰ ਨੀਂ ਪੰਜਾਬਣੇ।

ਆਜਾ ਨੀਂ ਪੰਜਾਬਣੇ ਸੁਣਾਵਾਂ ਗੱਲ ਤੇਰੀ
ਜੇਹੜੀ ਕਰਦੀ ਸੈਂ ਪਹਿਲਾਂ ਤੂੰ ਕਮਾਲ ਨੀਂ ਪੰਜਾਬਣੇ
ਗਿੱਧਿਆਂ ਦੀ ਰਾਣੀ ਸੈਂ ਸ਼ਿੰਗਾਰ ਸੈਂ ਤ੍ਰਿੰਜਣਾਂ ਦਾ
ਹੁਣ ਆਪੇ ਹੀ ਤੂੰ ਵੇਖ ਤੇਰਾ ਹਾਲ ਨੀਂ ਪੰਜਾਬਣੇ

## ਅਗਨ

ਸੂਰਜ ਅੰਦਰ ਜੰਗ ਹੈ ਚੱਲਦੀ
ਜੰਗ 'ਚ ਜਮ੍ਹਾਂ ਤੇ ਮਨਫ਼ੀ ਲੜਦੀ
ਲੜਦੀ ਲੜਦੀ ਬਣਦੀ ਅਗਨੀ
ਕਰ ਬਗ਼ਾਵਤ ਭੱਜਦੀ ਅਗਨੀ
ਚੱਲਦੀ ਚੱਲਦੀ ਧਰਤੀ ਵੜਦੀ
ਧਰਤੀ ਕੁੱਖੇ ਅਗਨੀ ਪਲਦੀ
ਤੁਖ਼ਮ ਧਰਤ ਦਾ ਬਾਹਰ ਕੱਢਦੀ
ਏਹੇ ਹੀ ਜੀਅ ਜੰਤੂ ਬਣਦੀ
ਏਹਦੇ ਅੰਦਰ ਰਹਿੰਦੀ ਲੜਦੀ
ਏਥੋਂ ਅਗਨ ਤਰੰਗਾਂ ਬਣਦੀ
ਏਹੇ ਜਾ ਅੱਖਾਂ ਵਿੱਚ ਵੜਦੀ
ਏਥੇ ਵੀ ਏਹ ਰਹਿੰਦੀ ਲੜਦੀ
ਏਹੀ ਮਾਂ ਦੇ ਪੇਟੀਂ ਪਲਦੀ
ਕਾਇਆਨਾਤ ਅੱਗੇ ਨੂੰ ਵਧਦੀ
ਏਹੇ ਅਗਨ ਭਸਮ ਹੈ ਕਰਦੀ
ਏਹੀ ਹੀ ਖ਼ੁਸ਼ਬੋਆਂ ਵੰਡਦੀ
ਏਹੇ ਹੂਕ ਸੱਜਣ ਦੀ ਬਣਦੀ
ਏਹੀ ਕੂਕ ਕੋਇਲ ਦੀ ਬਣਦੀ
ਏਹੇ ਅਗਨ ਹੈ ਨਦੀਆਂ ਤਰਦੀ
ਏਹੀ ਅਗਨ ਮੁਖ਼ਾਰੇ ਹੱਸਦੀ
ਏਹੇ ਅਗਨ ਹੈ ਕਣਕਣ ਵੱਸਦੀ
ਏਹਦੇ ਬਾਝੋਂ ਧਰਤੀ ਸੱਖਣੀ
ਏਹੇ ਅਗਨ ਹੈ ਅਦਲਾ ਬਦਲੀ
ਏਹੀ ਨੂਰ ਨਾਨਕ ਦਾ ਬਣਦੀ
ਏਹੇ ਫ਼ੁੱਲ ਨਿਲੋਫ਼ਰ ਬਣਦੀ
ਏਹੀ ਹੀਰਾ ਮਣੀਆਂ ਬਣਦੀ

ਏਹੇ ਅਗਨ ਉਡਾਰੀ ਖੰਭ ਦੀ
ਏਹੀ ਅਗਨ ਜਵਾਨੀ ਮਘਦੀ
ਏਹੀ ਜਾ ਸਰਹੱਦੀਂ ਲੜਦੀ
ਏਹੀ ਹੈ ਸ਼ੁੱਧੀਆਂ ਨੂੰ ਕਰਦੀ
ਏਹੇ ਹੈ ਚੁੱਘੀਆਂ ਨੂੰ ਭਰਦੀ
ਏਹੀ ਅਗਨ ਕਾਦਰ ਦੇ ਘਰਦੀ
ਏਹੇ ਹੈ ਕੁਦਰਤ ਨੂੰ ਜਣਦੀ
ਏਹੀ ਹੈ ਪਤਰਾਲੀ ਵਸਦੀ
ਏਹੇ ਹੈ ਜੋ ਲਾਲੀ ਪਸਰੀ
ਚਾਰ ਚੁਫ਼ੇਰੇ ਖੇਡਾਂ ਰਚਦੀ
ਅਗਨੀ ਅਗਨੀ ਅਗਨੀ।

# ਕਵੀ

ਅਸਲ ਕਵੀ ਨਾ ਕਿਸੇ ਦਾ ਹੁੰਦਾ!
ਅਸਲ ਕਵੀ ਹੈ ਸਭ ਦਾ ਹੁੰਦਾ!
ਹੱਡ ਮਾਸ ਦਾ ਲਗਦਾ ਜੁੱਸਾ
ਨਾ ਕਿਸੇ ਦਾ ਮੋਹ ਕਰਦਾ ਏ
ਨਾ ਹੀ ਕਰਦਾ ਗੁੱਸਾ
ਵਾਂਗ ਨਦੀ ਦੇ ਵਹਿੰਦਾ ਜਾਂਦਾ
ਕਦੇ ਨਾ ਰਹੇ ਤਰੁੱਠਾ
ਕੋਈ ਬੰਧਨ ਨਹੀ ਰੱਖਦਾ ਉਹੋ
ਤੇ ਮਨ ਦਾ ਹੁੰਦਾ ਸੁੱਚਾ
ਬਾਕੀ ਉਹੋ ਸਭ ਕੁੱਝ ਹੁੰਦਾ
ਪਰ ਨਹੀਉਂ ਹੁੰਦਾ ਲੁੱਚਾ
ਕੱਦੋਂ ਜੇਕਰ ਛੋਟਾ ਹੋਵੇ
ਰਹੇ ਸੂਰਜ ਤੋਂ ਉੱਚਾ।

## ਕੋਈ ਗੀਤ ਅਗੰਮੀ ਗਾਈਏ

ਛੱਡਦੇ ਮਿੱਤਰਾ ਝੰਝਟ ਸਾਰੇ
ਕਵਿਤਾ ਨੂੰ ਹੱਥ ਪਾਈਏ
ਦੁਨੀਆਂ ਦੇ ਖਲਜਗਨੇ ਅੰਦਰ
ਗੀਤ ਅਗੰਮੀ ਗਾਈਏ।

ਇੰਝ ਜਾਪਦਾ ਜਿਵੇਂ ਕੋਈ
ਅਸੀਂ ਪੱਥਰ ਬਣਦੇ ਜਾਈਏ
ਪੱਥਰਾਂ ਵਿੱਚ ਨਾ ਪੱਥਰ ਬਣੀਏ
ਖੁੱਲੀਆਂ ਵਾਵਾਂ ਖਾਈਏ।

ਸ਼ੁਭਾ ਸ਼ਾਮ ਸੰਗੀਤ ਮਾਣੀਏ
ਅੰਮ੍ਰਿਤ ਹਿਰਦੇ ਪਾਈਏ
ਵਹਿੰਦੀ ਹੋਈ ਜਲਧਾਰਾ ਰਲਕੇ
ਸਾਗਰ ਵਿੱਚ ਮਿਲ ਜਾਈਏ।

ਡੂੰਘ ਸਮੁੰਦਰੀਂ ਡੂੰਘੇ ਗੋਤੇ
ਲਾਈਏ ਤੇ ਤਰ ਜਾਈਏ
ਕੰਕਰ ਪੱਥਰ ਫਿਰੀਏ ਚੁਨਦੇ
ਵੱਥ ਕੋਈ ਸੁੰਦਰ ਪਾਈਏ।

ਜੀਭਾ ਲੱਗੀ ਤਾਲੂ ਨੂੰ
ਨਾਂ ਲੋਆਂ ਹੋਰ ਹੰਡਾਈਏ
ਭਰ ਕਟੋਰੇ ਰਸ ਰੰਗ ਪੀਈਏ
ਨੱਕੋ ਨੱਕ ਡੁੱਬ ਜਾਈਏ।

ਕਾਲੀ ਹੋ ਗਈ ਰੰਗਣ ਜੇਹੜੀ
ਫੇਰ ਤੋਂ ਲਾਲ ਬਣਾਈਏ
ਆ ਜਾ ਕੋਈ ਕਵਿਤਾ ਲਿਖੀਏ
ਜਾਂ ਗੀਤ ਅਗੰਮੀ ਗਾਈਏ।

# ਇੱਕੋਂਕਾਰ

ਜਿੱਥੇ ਕੋਈ ਨਹੀਓ ਰਹਿੰਦਾ
ਓਥੇ ਤੂੰ ਵੱਸਦਾ
ਤੂੰ ਨੂਰ ਦਾ ਖਜ਼ਾਨਾ
ਕਣ ਕਣ ਵਸਦਾ।

ਜਿੱਥੇ ਮੈਂ ਨਹੀਂਓ ਰਹਿੰਦੀ
ਓਥੇ ਤੂੰ ਵੱਸਦਾ
ਰਹੇਂ ਕੂੜ ਤੋਂ ਪਰਾਂ
ਵਿੱਚ ਸੱਚ ਵੱਸਦਾ।

ਤੇਰੀ ਮੂਰਤ ਅਕਾਲ
ਨਾ ਤੂੰ ਮਰੇਂ ਜੰਮਦਾ
ਨਾ ਤੂੰ ਡਰੇਂ ਨਾ ਡਰਾਵੇਂ
ਸ਼ਾਂਤ ਸਾਜ਼ ਵੱਜਦਾ।

ਸਭ ਕਰੇ ਤੂੰ ਕਰਾਵੇਂ
ਕਰਤਾਰ ਵੱਜਦਾ
ਤੇਰੇ ਹੁਕਮਾਂ 'ਚ ਬੱਝਾ
ਹਰ ਸਾਜ਼ ਵੱਜਦਾ।

ਉਸ ਮਨ ਆਕੇ ਵੱਸੇਂ
ਜੋ ਸ਼ਫ਼ਾਫ਼ ਲੱਗਦਾ
ਜਿੱਥੋਂ ਕਾਮ ਤੇ ਕ੍ਰੋਧ
ਲੋਭ ਮੋਹ ਹੰਕਾਰ ਭੱਜਦਾ।

ਤੂੰ ਨਾਮ ਦੀ ਖੁਮਾਰੀ
ਦੀ ਸ਼ਰਾਬ ਵੰਡਦਾ
ਤੂੰਬਾ ਦਿਨ ਰਾਤ ਵੱਜੇ
ਦਿਲੇ ਤਾਰ ਵੱਜਦਾ।

ਤੇਰਾ ਕੋਈ ਨਾ ਆਕਾਰ
ਬੇਆਕਾਰ ਲੱਗਦਾ
ਮੇਰੇ ਦਾਤਿਆ ਤੂੰ
ਜਗ ਦਾ ਦਾਤਾਰ ਲੱਗਦਾ।

ਤੇਰੇ ਬਾਝੋਂ ਤਾ ਹਨੇਰ
ਕੋਇਲੇ ਵਾਂਗ ਲੱਗਦਾ
ਅੰਗ ਤੇਰੇ ਨਾਲ ਜੁੜ
ਰੰਗ ਲਾਲ ਫੜਦਾ।

ਤੇਰਾ ਕੂਕਰ ਮਨੇਸ
ਹੈ ਲੋਲਾਬ ਵੱਸਦਾ
ਬੂੰਦਾਂ ਪੀਕੇ ਸੁਭਾ ਚਾਰ
ਹੈ ਰਵਾਨ ਵਗਦਾ।

## ਸਰੋਂ ਦੇ ਫੁੱਲ

ਮਹੀਨੇ ਵਿੱਚ ਅਪ੍ਰੈਲ ਦੇ
ਕੁੱਪਵਾੜਿਉਂ ਚੱਲੇ ਟਵੈਰਾ ਬੈਠ
ਬਸੰਤ ਨੇ ਰੰਗ ਬਖੇਰ ਕੇ
ਸੀ ਸਵਰਗ ਸਿਰਜਿਆ ਖੇਤ।

ਸੀ ਸਰੋਂਆਂ ਘਾਟੀ ਫੁੱਲੀਆਂ
ਗਈ ਧਾਰ ਬਸੰਤੀ ਵੇਸ
ਵਿੱਚ ਅਸਮਾਨੇ ਬੱਦਲੀਆਂ
ਸੀ ਰਹੀਆਂ ਰੰਗ ਬਖੇਰ।

ਯਾਦਾਂ ਖੰਭ ਲਗਾ ਗਈਆਂ
ਪੁੱਜੀਆਂ ਆਪਣੇ ਖੇਤ
ਹੁਣ ਸਰੋਂਆਂ ਨਾ ਫੁੱਲਦੀਆਂ
ਨਾ ਤੋੜੇ ਗੰਦਲ ਮੇਮ।

ਕੋਈ ਨਾ ਗੀਤ ਸਰੋਂ ਤੇ ਲਿਖਦਾ
ਨਾ ਲਿਖੇ ਲਿਖਾਰੀ ਲੇਖ
ਨਾ ਕਵਿਤਾ ਸ਼ਾਇਰ ਹੈ ਸਿਰਜਦਾ
ਨਾ ਗਾਉਂਦਾ ਲਾ ਕੇ ਹੇਕ।

ਨਾ ਫ਼ੁੱਲੀਂ ਬੈਠਣ ਮੱਖੀਆਂ
ਰਸ ਚੂਸਣ ਦੇ ਹੇਤ
ਨਾ ਛੱਤੇ ਝਾੜੀ ਲਾਉਂਦੀਆਂ
ਨਾ ਆ ਕੇ ਰੁੱਖਾਂ ਹੇਠ।

ਨਾ ਤੇਲੀ ਕੋਹਲੂ ਜੋੜਦੇ
ਨਾ ਘਾਣੀਓ ਕੱਢਦੇ ਤੇਲ
ਨਾ ਖ਼ਲ ਬੂਰੀ ਹੈ ਖਾਂਵਦੀ
ਨਾ ਦੇਂਦੀ ਡੋਕੇ ਢੇਰ।

ਸੀ ਰੰਗ ਬਸੰਤੀ ਬੱਝਦਾ
ਪੰਜਾਬ ਮਹੀਨੇ ਚੇਤ
ਪੀ ਖੁਮਾਰੀ ਖੇਤ ਦੀ
ਸਾਂ ਤਾਣ ਸੋਂਵਦੇ ਖ਼ੇਸ।

ਰੰਗ ਬਸੰਤੀ ਖੇਤੋਂ ਉੱਡਿਆ
ਉਦਾਸ ਖੜੇ ਨੇ ਖੇਤ
ਵਿੱਚ ਉਦਾਸੀ ਰੰਗ ਦੇ
ਪੁੱਜ ਗਿਆ ਪਿੰਡ ਮਨੇਸ।

## ਮਨਸਰ

ਮਨਸਰ ਝੀਲ ਨਗੀਨੇ ਵਰਗੀ
ਰੱਜ ਪਈ ਚਮਕਾਂ ਮਾਰੇ
ਕਿਸ਼ਤੀਆਂ ਵਿੱਚ ਆਨੰਦ ਮਾਣਦੇ
ਲੋਕੀਂ ਕੰਮੋਂ ਹਾਰੇ।

ਪਰਬਤ ਉੱਚੇ ਸ਼ਾਤ ਖੜੇ ਨੇ
ਡਲ਼ਕ ਨੀਰ ਪਿਆ ਮਾਰੇ
ਵੇਖ ਵੇਖ ਕੇ ਮਨ ਨਾ ਰੱਜਦਾ
ਲੈਂਦੀ ਰੂਹ ਨਜ਼ਾਰੇ।

ਨੱਢੀਆਂ ਫਿਰਦੀਆਂ ਚੁੱਘੀਆਂ ਭਰਦੀਆਂ
ਸੁੰਦਰ ਬਾਣੇ ਚਸ਼ਮੇ ਕਾਲੇ
ਬੂੰਦ ਅਨੰਦੀ ਪੀਵਣ ਚੋਬਰ
ਖੂਬ ਮਸਤੀਆਂ ਮਾਰੇ।

ਲਹਿਰਾਂ ਹੋਈਆਂ ਫਿਰਨ ਸ਼ਰਾਬੀ
ਰੌਣਕਾਂ ਵੇਖ ਕਿਨਾਰੇ
ਵਿੱਚ ਫ਼ਿਜ਼ਾ ਦੇ ਇਤਰਾਂ ਘੁਲੀਆਂ
ਬੱਝੇ ਰੰਗ ਨਿਆਰੇ।

ਛਾਤੀ ਉੱਤੇ ਤਰਦੇ ਜਾਂਦੇ
ਕਿੱਦਾਂ ਵੇਖ ਸ਼ਿਕਾਰੇ
ਰੰਗ ਸ਼ਾਮਾਂ ਦਾ ਹੋਇਆ ਸੁਨਿਹਰੀ
ਸੂਰਜ ਲਿਸ਼ਕਾਂ ਮਾਰੇ।

ਤਨਮਨ ਆਕੇ ਹੋਇਆ ਹਲਕਾ
ਧੋਤੇ ਗ਼ਮ ਕਰਾਰੇ
ਘੁੰਮ ਘੁੰਮਾ ਕੇ ਮੌਜ ਮਾਣਕੇ
ਪਹੁੰਚ ਗਏ ਕੁੱਪਵਾੜੇ।

## ਝਾਰਖੰਡ

ਝਾਰਖੰਡੇ ਦੀ ਪਿਆਰੀ ਧਰਤੀ
ਵਾਹ! ਓਏ ਮੌਲਾ ਤੇਰੀ ਕਰਨੀ
ਖਣਿਜਾਂ ਦੀ ਕੁੱਖ ਅੰਦਰ ਭਰਤੀ
ਤਾਹੀਉਂ ਏਹਦੀ ਦਿੱਖ ਹੈ ਅੱਡਰੀ।

ਕਾਦਰ ਤੇ ਕੁਦਰਤ ਹੈ ਹੱਸਦੀ
ਨਦੀ ਪਹਾੜ ਤੇ ਧਰਤੀ ਜੰਗਲੀ
ਪਲਾਸ ਰੁੱਖਾਂ ਤੇ ਲਾਲੀ ਮਘਦੀ
ਲਾਲ ਕਮਲ ਝੂਲਣ ਪਏ ਛੱਪੜੀਂ।

ਪੱਥਰ ਤਪਦਾ ਪੈਂਦੀ ਗਰਮੀਂ
ਵਰਖਾ ਰੁੱਤੇ ਵਰਖਾ ਫੱਬਵੀਂ
ਬਿਜਲੀ ਵਾਂਗ ਬੰਬਾਂ ਦੇ ਫਟਦੀ
ਜਨਤਾ ਦੀ ਜਿੰਦ ਸੂਲੀ ਟੰਗਦੀ।

ਘੁੰਮਦੇ ਹਾਥੀ ਵਿੱਚ ਨੇ ਮਸਤੀ
ਪੀ ਹੰਡੀਆ ਕਰਦੇ ਖਰਮਸਤੀ
ਰੋਲ ਦਿੰਦੇ ਝੁੱਗੀਆਂ ਦੀ ਬਸਤੀ
ਸਿੱਧ ਕਰਦੇ ਨੇ ਆਪਣੀ ਹਸਤੀ।

ਹੰਡੀਆ ਇੱਥੇ ਖੂਬ ਹੈ ਚੱਲਦੀ
ਵਿੱਚੋਂ ਹੱਡਾਂ ਗਰਮੀਂ ਕੱਢਦੀ
ਏਸ ਬਿਨਾ ਨਾ ਗੱਡੀ ਚੱਲਦੀ
ਪੀ ਪੀ ਜਨਤਾ ਰਹਿੰਦੀ ਨੱਚਦੀ।

ਫਸਲ ਬੀਜ ਕੇ ਚੱਲਦੀ ਮਸਤੀ
ਮਸਤੀ ਦੇ ਨਾਲ ਪੂਜਾ ਚੱਲਦੀ
ਛੱਡ ਘਰਾਂ ਨੂੰ ਜਨਤਾ ਚੱਲਦੀ
ਮੰਦਰਾਂ ਦੇ ਵਿੱਚ ਆ ਕੇ ਨੱਚਦੀ।

ਭਾਗ ਲੱਗੇ ਟਾਟਾ ਦੀ ਨਗਰੀ
ਇਸਪਾਤ ਹੈ ਦਰਜਾ ਅੱਬਲ ਬਣਦੀ
ਵਾਹ! ਵਿਰਸਾ ਮੁੰਡਾ ਦੀ ਧਰਤੀ
ਮਾਣ ਮਨੇਸ ਕਰਾ ਲਈ ਬਦਲੀ।

## ਬਸੰਤ

ਫੁੱਟ ਫੁੱਟ ਜਾਣ ਕਰੂੰਬਲਾਂ
ਉਜੜੇ ਜਦੋਂ ਬਾਗ਼ਾਨ 'ਚੋਂ
ਖਿੜ ਖਿੜ ਜਾਵਣ ਗ਼ੁਲ ਜਦੋਂ
ਵਿਰਾਨ ਕਿਸੇ ਗ਼ੁਲਜ਼ਾਰ 'ਚੋਂ।

ਪੰਛੀ ਜਦ ਨੇ ਛੇੜਦੇ
ਰਾਗ ਆਣ ਪ੍ਰਭਾਤ ਤੋਂ
ਭੌਰਿਆਂ ਦੀ ਗੂੰਜਾਰ ਸੁਨੀਚੇ
ਫ਼ੁੱਲਾਂ ਭਰੀ ਕਿਆਰ 'ਚੋਂ।

ਕੋਇਲ ਬੈਠ ਕੇ ਗੀਤ ਸੁਣਾਵੇ
ਅੰਬ ਕਿਸੇ ਦੇ ਟਾਣ੍ਹ 'ਤੋਂ
ਮੁੜ ਮੁੜ ਆਣ ਸੁਗੰਧੀਆਂ
ਪੌਣਾਂ ਦੀ ਮੁਸਕਾਣ 'ਚੋਂ।

ਉੱਠ ਉੱਠ ਜਾਏ ਤਰੰਗ ਜਦੋਂ
ਦਿਲੇ ਕਿਸੇ ਦੇ ਪਿਆਰ 'ਚੋਂ
ਬੈਠਾ ਬੈਠਾ ਡੁੱਬ ਜਾਏ ਬੰਦਾ
ਰੱਬ ਦੇ ਰੰਗ ਧਿਆਨ 'ਚੋਂ।

ਜਦ ਡੁੱਲ ਡੁੱਲ ਮਿੱਠਤ ਜਾਂਵਦੀ
ਕਿਸੇ ਲਈ ਕਿਸੇ ਜ਼ੁਬਾਨ 'ਚੋਂ
ਕਹਿੰਦੇ ਰੰਗ ਬਸੰਤੀ ਫੁੱਟਦੇ
ਦਿਲ ਜੋ ਬੀਆਬਾਨ 'ਚੋਂ।

## ਅੱਖੀਆਂ

ਅੱਖੀਆਂ ਅੱਖੀਆਂ ਅੱਖੀਆਂ
ਕਿੱਦਾਂ ਕਾਦਰੇ ਬਣਾਈਆਂ ਨੇ ਸਨੁੱਖੀਆਂ
ਨਗਾਂ ਵਾਗੂੰ ਚਮਕਦੀਆਂ
ਕਿੱਦਾਂ ਰੰਗ ਨੇ ਕਾਦਰੀ ਰੰਗੀਆਂ।

ਨੂਰਾਨੀਂ ਨੂਰ ਮਾਰੇ ਡਲਕਾਂ
ਕਈ ਆਤਮਾਂ ਇਹਨਾਂ ਨੇ ਠੱਗੀਆਂ
ਰੰਗਾਂ ਦੇ ਨਜ਼ਾਰੇ ਲੈਂਦੀਆਂ
ਰੰਗ ਤੇ ਬਰੰਗੀਆਂ ਜੋ ਅੱਖੀਆਂ।

ਮੁੱਦਤਾਂ ਤੋਂ ਆਈਆਂ ਧਰਤੀ
ਵੇਖ ਰੰਗਾਂ ਨੂੰ ਅਜੇ ਨਾ ਰੱਜੀਆਂ
ਡੋਰੇ ਵਿੱਚ ਆਣ ਬੱਝਦੇ
ਲੜ ਜਾਂਦੀਆਂ ਜਦੋਂ ਪਾਕ ਅੱਖੀਆਂ।

ਦੁਨੀਆਂ ਰੰਗੀਨ ਜਾਪਦੀ
ਜਦੋਂ ਲੱਗ ਜਾਣ ਇਹ ਮਾਣ ਮੱਤੀਆਂ
ਪੈਣ ਝਲਕਾਰੇ ਨੂਰ ਦੇ
ਜਿਵੇਂ ਝੀਲ ਤੇ ਜਗਣ ਰਾਤੀਂ ਬੱਤੀਆਂ।

ਜਦੋਂ ਇਸ਼ਕੇ ਦੀ ਲਾਟ ਮਘਦੀ
ਬਣ ਜਾਂਦੀਆਂ ਸ਼ਰਾਬ ਦੀਆਂ ਮੱਟੀਆਂ
ਤੀਰ ਬਣ ਤਿੱਖੇ ਜਾਂਦੀਆਂ
ਜਦੋਂ ਝਾਕਦੀਆਂ ਬਣਕੇ ਕੁਨੱਖੀਆਂ।

ਸ਼ਾਇਰਾਂ ਅਤੇ ਕਵੀਆਂ ਲਈ
ਇਹ ਸਦਾ ਤੋਂ ਸ਼ਰਾਬ ਦੀਆਂ ਮੱਟੀਆਂ
ਝੀਲਾਂ ਏਹੇ ਗਹਿਰੀਆਂ ਨੇ
ਹਾਥਾਂ ਅਜੇ ਨਾ ਕਿਸੇ ਹੱਥ ਲੱਗੀਆਂ।

ਤੱਕਣੇ ਦੀ ਬਾਣ ਤੁਸਾਂ ਦੀ
ਤੱਕ ਤੱਕ ਕੇ ਬਣੋ ਨਾ ਮਲ ਮੱਟੀਆਂ
ਨੂਰ ਤੱਕੋ ਕਾਦਰੇ ਦਾ
ਰਹੋ ਰੰਗ ਨੀਂ ਕਾਦਰੀਂ ਰੰਗੀਆਂ।

ਅੱਖੀਆਂ ਅੱਖੀਆਂ ਅੱਖੀਆਂ
ਕਿੱਦਾਂ ਕਾਦਰੇ ਬਣਾਈਆਂ ਨੇ ਸਨੁੱਖੀਆਂ
ਨਗਾਂ ਵਾਗੂੰ ਚਮਕਦੀਆਂ
ਕਿੱਦਾਂ ਰੰਗ ਨੇ ਕਾਦਰੀ ਰੰਗੀਆਂ।

## ਚਲਾ ਚੱਲ......

ਚਲਾ ਚੱਲ ਚਲਾ ਚੱਲ
ਪੂਰਾ ਤੂੰ ਗਲੋਟਾ ਕੱਤ
ਸ਼ੁਭਾ ਕੱਤ ਸ਼ਾਮ ਕੱਤ
ਕੱਤ ਕੱਤ ਫਟਾ ਫਟ
ਤੇਰੀ ਕੱਤਣੋ ਪਈ ਏ ਅਜੇ ਪੂਣੀ
ਚਲਾ ਚੱਲ ਚਲਾ ਚੱਲ ਮਿੱਤਰਾ ਵੇ
ਤੇਰੀ ਵਾਟ ਅਜੇ ਨਾ ਹੋਈ ਪੂਰੀ।

ਲੱਭ ਸ਼ਬਦ ਚੁਨਿੰਦਾ ਲੱਭ
ਸਤਰ ਤੂੰ ਪੂਰੀ ਕਰ
ਸਤਰਾਂ ਤੋਂ ਪਹਿਰੇ ਕਰ
ਪਹਿਰਿਆਂ ਤੋਂ ਸਫ਼ਾ ਕਰ
ਕਰ ਲੈ ਕਹਾਣੀ ਤੂੰ ਪੂਰੀ
ਚਲਾ ਚੱਲ ਚਲਾ ਚੱਲ ਮਿੱਤਰਾ ਵੇ
ਤੇਰੀ ਵਾਟ ਹੋਈ ਨਾ ਅਜੇ ਪੂਰੀ।

ਕਦਮਾਂ 'ਚ ਤਾਲ ਰੱਖ
ਚਾਲ ਤੂੰ ਰਵਾਨ ਰੱਖ
ਰੱਬ 'ਚ ਧਿਆਨ ਰੱਖ
ਲੱਭ ਕੇ ਤੂੰ ਵੱਥ ਰੱਖ
ਹੋ ਜਾ ਨੂਰੋਂ ਤੂੰ ਨੂਰੀ
ਚਲਾ ਚੱਲ ਚਲਾ ਚੱਲ ਮਿੱਤਰਾ ਵੇ
ਤੇਰੀ ਵਾਟ ਹੋਈ ਨਾ ਅਜੇ ਪੂਰੀ।

ਬੋਚ ਬੋਚ ਪੈਰ ਰੱਖ
ਖਾਈਆਂ ਉੱਤੇ ਅੱਖ ਰੱਖ
ਅੱਖ ਨੂੰ ਸਫ਼ਾਫ਼ ਰੱਖ
ਹੌਲਾਂ ਤੂੰ ਦਿਮਾਗ ਰੱਖ
ਲਾਏ ਨਜ਼ਰ ਨਾ ਅੱਖ ਜੋ ਕੂਰੀ
ਚਲਾ ਚੱਲ ਚਲਾ ਚੱਲ ਮਿੱਤਰਾ ਵੇ
ਤੇਰੀ ਵਾਟ ਹੋਈ ਨਾ ਅਜੇ ਪੂਰੀ।

ਅਜੇ ਤੇਰੇ ਨੇ ਅਧੂਰੇ ਕੰਮ
ਫ਼ੁੱਲ ਬੂਟੇ ਲਾਉਣੇ ਲੱਖ
ਤੇ ਵਧਾਉਣੀ ਹੀਰਿਆਂ ਦੀ ਦੱਖ
ਤੇ ਪਵਾਣੇ ਮੁੱਲ ਲੱਖ
ਅਸਾਂ ਵੱਟਣੀ ਕੀਮਤ ਏ ਪੂਰੀ
ਚਲਾ ਚੱਲ ਚਲਾ ਚੱਲ ਮਿੱਤਰਾ ਵੇ

ਤੇਰੀ ਵਾਟ ਹੋਈ ਨਾ ਅਜੇ ਪੂਰੀ।
ਤਨ ਮਨ ਸਾਫ਼ ਰੱਖ
ਵਿੱਚ ਅੱਲਾ ਵਿਸ਼ਵਾਸ਼ ਰੱਖ
ਹਰ ਵੇਲੇ ਯਾਦ ਰੱਖ
ਓਸੇ ਨਾਲ ਸਾਥ ਰੱਖ
ਸਾਥੀ ਨਾਲ ਨਾ ਦੂਰ ਕੋਈ ਦੂਰੀ
ਚਲਾ ਚੱਲ ਚਲਾ ਚੱਲ ਮਿੱਤਰਾ ਵੇ
ਤੇਰੀ ਵਾਟ ਹੋਈ ਨਾ ਅਜੇ ਪੂਰੀ।

ਕੋਲ ਸੋਹਣੇ ਸਾਜ਼ ਰੱਖ
ਸਾਜ਼ਾਂ ਉੱਤੇ ਹੱਥ ਰੱਖ
ਹੱਥਾਂ ਨਾਲ ਸਾਜ਼ ਕਸ
ਵਧੀਆ ਕੋਈ ਰਾਗ ਕੱਢ
ਗਾਏ ਮਿੱਠਾ ਕੋਈ ਤਰਾਨਾ ਜੋ ਤੰਬੂਰੀ
ਚਲਾ ਚੱਲ ਚਲਾ ਚੱਲ ਮਿੱਤਰਾ ਵੇ
ਤੇਰੀ ਵਾਟ ਹੋਈ ਨਾ ਅਜੇ ਪੂਰੀ।

ਕੰਮ ਆਉਂਦਾ ਸਦਾ ਕੰਮ
ਕੰਮ ਆਉਂਦਾ ਨਹੀਉਂ ਚੰਮ
ਤੇਰੇ ਵਿਕਦੇ ਨਾ ਹੱਡ
ਤੇਰਾ ਮੁੱਲ ਨਹੀਉਂ ਕੱਖ
ਤੇਰੀ ਕੀਮਤ ਰੁਪਈਏ ਪੰਜ ਪੂਰੀ
ਚਲਾ ਚੱਲ ਚਲਾ ਚੱਲ ਮਿੱਤਰਾ ਵੇ
ਤੇਰੀ ਵਾਟ ਹੋਈ ਨਾ ਅਜੇ ਪੂਰੀ।

ਰਾਹ 'ਚ ਔਕੜਾਂ ਨੇ ਲੱਖ
ਤੇ ਸਵਾਲ ਵੀ ਨੇ ਲੱਖ
ਤੈਨੂੰ ਰੱਬ ਦੀ ਏ ਰੱਖ
ਜ਼ਰਾ ਝੱਲ ਭੁੱਖ ਤਸ
ਪੈਣੀ ਰੱਖਣੀ ਏ ਖ਼ੂਬ ਸਬੂਰੀ
ਚਲਾ ਚੱਲ ਚਲਾ ਚੱਲ ਮਿੱਤਰਾ ਵੇ
ਤੇਰੀ ਵਾਟ ਹੋਈ ਨਾ ਅਜੇ ਪੂਰੀ।

ਹੱਥ ਤੇ ਨਾ ਹੱਥ ਰੱਖ
ਹੱਥੇ ਉਤੇ ਹੱਥ ਰੱਖ
ਚਰਖਾ ਰਵਾਨ ਰੱਖ
ਏਸਦਾ ਖਿਆਲ ਰੱਖ
ਤੇਰੀ ਹੁੰਦੀ ਜਾਂਦੀ ਦਾੜੀ ਹੁਣ ਬੂਰੀ
ਚਲਾ ਚੱਲ ਚਲਾ ਚੱਲ ਮਿੱਤਰਾ ਵੇ
ਤੇਰੀ ਵਾਟ ਹੋਈ ਨਾ ਅਜੇ ਪੂਰੀ।

ਚਲਾ ਚੱਲ ਚਲਾ ਚੱਲ
ਪੂਰਾ ਤੂੰ ਗਲੋਟਾ ਕੱਤ
ਸ਼ੁਭਾ ਕੱਤ ਸ਼ਾਮ ਕੱਤ
ਕੱਤ ਕੱਤ ਫਟਾ ਫਟ
ਤੇਰੀ ਕੱਤਣੋ ਪਈ ਏ ਅਜੇ ਪੂਣੀ
ਚਲਾ ਚੱਲ ਚਲਾ ਚੱਲ ਮਿੱਤਰਾ ਵੇ
ਤੇਰੀ ਵਾਟ ਅਜੇ ਨਾ ਹੋਈ ਪੂਰੀ।

# ਰਾਹੇ ਰਾਹੇ......

ਰਾਹੇ ਰਾਹੇ ਜਾਂਦਿਆਂ ਸੁਣ ਰਾਹੀਆ ਵੇ !
ਮੋੜੋਂ ਬਚਦਾ ਜਾਂਈ ਤਮਸਾਂ ਛਾਈਆਂ ਵੇ !
ਚੋਰ ਸਿਪਾਹੀ ਇਕੱਠੇ ਹੋ ਕੇ
ਜਾਂਦੇ ਲੁੱਟੀ ਰਾਹੀਆਂ ਵੇ !
ਵਾੜ ਖੇਤ ਨੂੰ ਨਿਗਲ ਰਹੀ ਏ
ਫਸਲਾਂ ਦੇਣ ਦੁਹਾਈਆਂ ਵੇ !
ਰਾਹੇ ਰਾਹੇ ਜਾਂਦਿਆਂ ਸੁਣ ਰਾਹੀਆ ਵੇ !
ਮੋੜੋਂ ਬਚਦਾ ਜਾਂਈ ਤਮਸਾਂ ਛਾਈਆਂ ਵੇ !

ਬਚ ਬਚਾ ਕੇ ਲੰਘੀਂ ਰਾਹੀਆ
ਰਾਹੀਂ ਬਹੁਤ ਕੰਡਾਈਆਂ ਵੇ !
ਆਇਆ ਕਿੱਥੋਂ ਜਾਣਾ ਕਿੱਥੇ
ਕਰਦਾ ਕੀ ਕਮਾਈਆਂ ਵੇ !
ਰਾਹਾਂ ਵਿੱਚ ਬਘਿਆੜ ਬੜੇ ਨੇ
ਰੱਤਾਂ ਮੂੰਹੀਂ ਲਾਈਆਂ ਵੇ !
ਜਾਂਦੇ ਰਾਹੀ ਨਿਗਲੇ ਜਾਂਦੇ
ਕੋਈ ਨਹੀਂ ਸੁਣਵਾਈਆਂ ਵੇ !
ਰਾਹੇ ਰਾਹੇ ਜਾਂਦਿਆਂ ਸੁਣ ਰਾਹੀਆ ਵੇ !
ਮੋੜੋਂ ਬਚਦਾ ਜਾਂਈ ਤਮਸਾਂ ਛਾਈਆਂ ਵੇ !

ਪਈ ਕੁਰਲਾਵੇ ਇੱਜ਼ਤ ਆਬਰੂ
ਚੁੰਨੀਆਂ ਬਣ ਗਈਆਂ ਫਾਹੀਆਂ ਵੇ !
ਗਲੀ ਗਲੀ ਤੇ ਕੂਚੇ ਕੂਚੇ
ਨਜ਼ਰਾਂ ਨੇ ਲਲਚਾਈਆਂ ਵੇ !
ਹੱਥ ਨੂੰ ਹੱਥ ਪਛਾਣੇ ਨਾ ਹੁਣ
ਲਾਲ ਹਨੇਰੀਆਂ ਛਾਈਆਂ ਵੇ !

ਤੁਰ ਗਿਆ ਏ ਕਾਇਦਾ ਕਿੱਥੇ
ਕਿੱਥੇ ਨੇ ਕਰੜਾਈਆਂ ਵੇ!
ਰਾਹੇ ਰਾਹੇ ਜਾਂਦਿਆਂ ਸੁਣ ਰਾਹੀਆ ਵੇ!
ਮੋੜੋਂ ਬਚਦਾ ਜਾਂਈ ਤਮਸਾਂ ਛਾਈਆਂ ਵੇ!

ਨਸ ਨਸ ਅੰਦਰ ਜ਼ਹਿਰ ਘੁਲ ਗਿਆ
ਘਰ ਵਿੱਚ ਵੰਡੀਆਂ ਪਾਈਆਂ ਵੇ!
ਨਿੱਕ ਸ਼ੁੱਕ ਸਾਰਾ ਗਿਆ ਵੰਡਿਆ
ਰਹਿ ਗਈ ਬੱਢੀ ਮਾਈਆ ਵੇ!
ਨਗਰਾਂ ਅੰਦਰ ਸੱਪ ਵੜ ਗਿਆ
ਜਾਂਦਾ ਡੰਗ ਚਲਾਈਆ ਵੇ!
ਡੰਗਣ ਦੇ ਨਾਲ ਸੱਪ ਮਰ ਗਿਆ
ਖ਼ਬਰ 'ਖ਼ਬਾਰੇ ਆਈਆ ਵੇ!
ਰਾਹੇ ਰਾਹੇ ਜਾਂਦਿਆਂ ਸੁਣ ਰਾਹੀਆ ਵੇ!
ਮੋੜੋਂ ਬਚਦਾ ਜਾਂਈ ਤਮਸਾਂ ਛਾਈਆਂ ਵੇ!

ਰੋਟੀ ਮਿਲਣੀ ਹੋਈ ਦੁੱਭਰ
ਜਾਂਦੀ ਰੱਤ ਸੁਕਾਈਆ ਵੇ!
ਬੁੱਤ ਆਪਣਾ ਬਣ ਗਿਆ ਬੰਦਾ
ਨਜ਼ਰਾਂ ਨੇ ਪਥਰਾਈਆਂ ਵੇ!
ਰਾਹਾਂ ਵਿੱਚ ਖਿੰਡੇ ਨੇ ਰੋੜੇ
ਪਾਟੀਆਂ ਪੈਰ ਬਿਆਈਆਂ ਵੇ!
ਪੇਟ ਚਿਪਕ ਕੇ ਰੀੜ ਨੂੰ ਲੱਗੇ
ਨਾੜਾਂ ਨੇ ਨਰੜਾਈਆਂ ਵੇ!
ਰਾਹੇ ਰਾਹੇ ਜਾਂਦਿਆਂ ਸੁਣ ਰਾਹੀਆ ਵੇ!
ਮੋੜੋਂ ਬਚਦਾ ਜਾਂਈ ਤਮਸਾਂ ਛਾਈਆਂ ਵੇ!

ਬੁਰਸ਼ੇ ਗਰਦਾਂ ਸ਼ਵੀਆਂ ਚੁੱਕੀਆਂ
ਨਦੀਆਂ ਖੂਨ ਵਹਾਈਆਂ ਵੇ !
ਥਾਂ ਥਾਂ ਉੱਤੇ ਲਾਕੇ ਅੱਗਾਂ
ਬਾਂਦਰ ਜਾਏਂ ਕਹਾਈ ਆ ਵੇ !
ਨੇਤਰਾਂ ਅੰਦਰੋਂ ਸੁੱਕ ਗਏ ਹੰਝੂ
ਦਿਲ ਸ਼ਮਸ਼ਾਨ ਬਣਾਈਆ ਵੇ !
ਦਯਾ ਧਰਮ ਬਣ ਗਿਆ ਪੰਖੇਰੂ
ਜਾਂਦੈਂ ਕਾਲੇ ਲੇਖ ਲਿਖਾਈਆ ਵੇ !
ਰਾਹੇ ਰਾਹੇ ਜਾਂਦਿਆਂ ਸੁਣ ਰਾਹੀਆ ਵੇ !
ਮੋੜੋਂ ਬਚਦਾ ਜਾਂਈ ਤਮਸਾਂ ਛਾਈਆਂ ਵੇ !
ਰਾਹੇ ਰਾਹੇ ਜਾਂਦਿਆਂ ਸੁਣ ਰਾਹੀਆ ਵੇ !
ਮੋੜੋਂ ਬਚਦਾ ਜਾਂਈ ਤਮਸਾਂ ਛਾਈਆਂ ਵੇ !
ਚੋਰ ਸਿਪਾਹੀ ਇਕੱਠੇ ਹੋ ਕੇ
ਜਾਂਦੇ ਲੁੱਟੀ ਰਾਹੀਆਂ ਵੇ !
ਵਾੜ ਖੇਤ ਨੂੰ ਨਿਗਲ ਰਹੀ ਏ
ਫਸਲਾਂ ਦੇਣ ਦੁਹਾਈਆਂ ਵੇ !
ਰਾਹੇ ਰਾਹੇ ਜਾਂਦਿਆਂ ਸੁਣ ਰਾਹੀਆ ਵੇ !
ਮੋੜੋਂ ਬਚਦਾ ਜਾਂਈ ਤਮਸਾਂ ਛਾਈਆਂ ਵੇ !

## ਲੱਭਦੀ ਬਾਪੂ ਦੀ ਡੰਗੋਰੀ!

ਬਾਪੂ ਗਾਂਧੀ ਪਹਿਨੀ ਧੋਤੀ
ਹੱਥ ਵਿੱਚ ਫੜੀ ਡੰਗੋਰੀ
ਮਹਿਲਾਂ ਦੇ ਸੀ ਨਾਲ ਓਸਨੇ
ਝੁੱਗੀ ਹਿੰਦ ਦੀ ਤੋਰੀ।

ਫ਼ਤਿਹ ਦਾ ਜਦੋਂ ਜੈਕਾਰਾ ਵੱਜਿਆ
ਅਸਾਂ ਮਾਰਤੀ ਗੋਲੀ!
ਧੋਖਾ ਅਤੇ ਫਰੇਬ ਪਾਲਿਆ
ਰੱਜਕੇ ਸੀਨਾ ਜੋਰੀ।

ਚਿੱਟੀ ਟੋਪੀ ਸਿਰੇ ਸਜਾਈ
ਪਹਿਨੀ ਚਿੱਟੀ ਚੋਲੀ
ਹੁਣ ਦਾਗੀਂ ਏਹ ਕਾਲੀ ਹੋਈ
ਤੇ ਨੋਟਾਂ ਭਰੀ ਤਜ਼ੋਰੀ।

ਰਾਜਨੀਤੀ ਦਾ ਗੋਰਖ ਧੰਦਾ
ਬਣਿਆ ਫੁਲਕਾ ਤੋਰੀ
ਪਿਆਰ ਦੀ ਤੰਦ ਪਕੇਰੀ ਜੋ
ਉਹਵੀ ਰੱਜਕੇ ਤੋੜੀ।

ਮਹਿਲਾਂ ਵਿੱਚ ਗੁਲਸ਼ਰੇ ਉੱਡਣ
ਤੇ ਵਿਸਕੀ ਮੀਟ ਪਕੌੜੀ
ਵੇਖੋ! ਕਿੱਦਾਂ ਹੱਦਾਂ ਟੱਪ ਗਈ
ਤੁਰਦੀ ਧਨ ਦੀ ਬੋਰੀ!

ਫਸੀਲ ਕਿਲੇ ਜੋ ਲਾਲ ਦੀ
ਘਸੀ ਪਿਟੀ ਸਟੋਰੀ
ਰਾਸ਼ਨ ਨਹੀਂ ਭਾਸ਼ਨ ਚੱਲੇ
ਪੂਰੇ ਜ਼ੋਰੋ ਜ਼ੋਰੀ।

ਜੋ ਕਾਇਦਾ ਏ ਬਣਦਾ ਏਥੇ
ਵਿੱਚ ਰੱਖਦੇ ਚੋਰਾਂ ਮੋਰੀ
ਝੁੱਗੀ ਆਣ ਚੁਰਾਹੇ ਮਨੇਸਾ
ਲੱਭਦੀ ਫਿਰੇ ਡੰਗੋਰੀ।

## ਮੱਖੀ ਮੱਖੀ

ਇੱਕ ਮੱਖੀ ਏ ਘਰ ਮੱਖੀ
ਤੇ ਦੂਜੀ ਮਧੂ ਪਿਆਰੀ
ਮਧੂ ਮੱਖੀ ਏ ਸੋਹਣੇ ਰੰਗ ਦੀ
ਦੂਜੀ ਰੰਗ ਦੀ ਕਾਲੀ।

ਮਧੂ ਮੱਖੀ ਨੂੰ ਵਰ ਕਾਦਰ ਦਾ
ਕਾਲੀ ਕਰਮਾਂ ਮਾਰੀ
ਇੱਕ ਫ਼ੁੱਲੋਂ ਮਕਰੰਦ ਚੂਸਦੀ
ਦੂਜੀ ਗੰਦੋ ਬਿਮਾਰੀ।

ਕਾਲੀ ਵਾਸਾ ਗੰਦ ਦੀ ਢੇਰੀ
ਮਧੂ ਦਾ ਵਿੱਚ ਫ਼ੁੱਲਵਾੜੀ
ਮਧੂ ਮੱਖੀ ਮਖੀਰ ਦੇਂਵਦੀ
ਕਾਲੀ ਦੇ ਬਿਮਾਰੀ।

ਭਿੰਨ ਭਿੰਨ ਭਾਉਂਦੀ ਕਾਲੀ ਦੀ ਨਾ
ਮਧੂ ਦੀ ਗੂੰਜ ਪਿਆਰੀ
ਮਧੂ ਪਾਲੀਏ ਫ਼ੁੱਲਾਂ ਉੱਤੇ
ਕਾਲੀ ਜਾਂਦੀ ਮਾਰੀ।

ਕਾਲੀ ਅੰਦਰ ਗੁਣ ਨਾ ਕਾਈ
ਡੰਗ ਮਧੂ ਗੁਣਕਾਰੀ
ਝੱਲੀਏ ਡੰਗ ਮਧੂ ਦਾ ਮਿੱਤਰੋ
ਲੱਤ ਜਿਉਂ ਗਾਂ ਦੁਧਾਰੀ।

ਨਾਵਾਂ ਦੇ ਵਿੱਚ ਕੀ ਰੱਖਿਆ ਏ
ਗੱਲ ਗੁਣਾਂ ਦੀ ਸਾਰੀ
ਕਦਰ ਗੁਣਾਂ ਦੀ ਹੋਏ ਮਨੇਸਾ
ਦੁਨੀਆਂ ਦੇ ਵਿੱਚ ਸਾਰੀ।

## ਗਹਿਰਾਟ

ਧਰਤੀ ਤੇ ਵੇਖਾਂ ਮੈਂ
ਰੰਗ ਕਈ ਪਿਆਰੇ
ਕਣਕ ਦੀ ਬੱਲੀ 'ਚ
ਸੋਨੇ ਜਹੇ ਦਾਣੇ।

ਮੱਕੀ ਦੀ ਛੱਲੀ
ਭਾਹ ਸੰਤਰੀ ਮਾਰੇ
ਛੱਲੀ ਵਿੱਚ ਦਾਣੇ ਜੋ
ਕਿਵੇਂ ਨੇ ਚਿਣਾਤੇ।

ਗੁੱਲ ਨੀਂ ਕਪਾਹ ਦੇ
ਜਿਉਂ ਚਾਂਦੀ ਚਮਕਾਰੇ
ਚਰੀਆਂ ਦੇ ਦੁੰਬਾਂ 'ਚ
ਮਰਮਰੀ ਜਹੇ ਦਾਣੇ।

ਸੂਰਜਮੁਖੀਏ ਦਾ ਏਹ ਬੂਟਾ
ਪਿਆ ਸੂਰਜ ਚਿਤਾਰੇ
ਫੁੱਲ ਕਿੱਦਾਂ ਮਾਰਦੇ
ਬਸੰਤੀ ਲਿਸ਼ਕਾਰੇ।

ਸੂਰਜਮੁਖੀਏ ਦਾ ਬੀਜ਼
ਕਾਲੀ ਮਿਰਚੀ ਜਿਉਂ ਦਾਣੇ
ਪਿੜੀ ਵਾਂਗੂੰ ਚਿਣੇ ਹੋਏ
ਮਾਤ ਪਏ ਨੇ ਪਾਂਦੇ।

ਹਰਾ ਏ ਕਮਾਦ
ਲੈਂਦਾ ਹਵਾ 'ਚ ਹੁਲਾਰੇ
ਲੱਕੜੀ 'ਚ ਖ਼ੂਬ ਅੱਲਾ
ਰਸ ਨੇ ਪਸਾਰੇ।

ਕਿਧਰੇ ਨੇ ਸੇਬ
ਕਿਤੇ ਅੰਬ ਨੇ ਲਗਾਤੇ
ਅਨੇਕਾਂ ਹੀ ਮੇਵਿਆਂ 'ਚ
ਭਿੰਨ ਰਸ ਪਾਤੇ।

ਕਿਧਰੇ ਨਮੋਲੀਆਂ ਤੇ
ਅੱਕੀਂ ਦੁੱਧ ਪਾਤੇ
ਕੌੜਪਾਈ ਤੁੰਮਿਆਂ 'ਚ
ਕੌੜ ਮਿਰਚਾ 'ਚ ਪਾਤੇ।

ਰੀਠੇ ਜਹੀ ਗੋਹਲ ਦੇਕੇ
ਮਾਣ ਪਿੱਪਲੀਂ ਮਿਟਾ ਤੇ
ਨਿਮਾਣੀ ਜਹੀ ਵੇਲ ਨੂੰ
ਮਤੀਰੇ ਵੱਡੇ ਲਾ ਤੇ।

ਨਿੰਮ ਦੀ ਨਿਮੋਲੀ 'ਚ
ਕਸੈਲੇ ਰਸ ਪਾ ਤੇ
ਡੇਕੀਂ ਧਰਕੋਨਿਆਂ 'ਚ
ਕੋੜੀਲੇ ਰਸ ਪਾ ਤੇ।

ਰੇਤ ਦਿਆਂ ਸੇਕਾਂ 'ਚ
ਖਰਬੂਜੇ ਨੇ ਉਗਾਤੇ
ਨਦੀਆਂ ਦੇ ਤਲ ਤੇ
'ਦਵਾਣੇ ਹੱਦਾਂ ਢਾ ਗੇ।

ਮੱਕੀ ਦੀਆਂ ਛੱਲੀਆਂ
ਤੇ ਬੁੰਬਲ ਹਸਾਤੇ
ਚਰ੍ਹੀਆਂ ਤੇ ਕਲਗੀ ਜੂੰ
ਦੁੰਬ ਨੇ ਸਜਾ ਤੇ।

ਪੰਛੀਆਂ ਤੇ ਭੌਰਿਆਂ ਦੇ
ਖੰਭ ਨੇ ਪਿਆਰੇ
ਛੋਟੇ ਛੋਟੇ ਸੰਘਾ 'ਚ
ਸਾਜ਼ ਨੇ ਨਿਆਰੇ।

ਕੋਇਲੀਂ ਦਿੱਤੀ ਕੂਕ
ਦਿੱਤੇ ਕਾਂ ਨੂੰ ਕਿਲਕਾਰੇ
ਗੁਟਰਗੂੰ ਗਟਾਰ ਨੂੰ
ਤੇ ਘੁੱਗੀ ਨੂੰ ਹੁੰਘਾਰੇ।

ਕਈ ਖਾਂਦੇ ਘਾਹ
ਅਤੇ ਕਈ ਮਾਸ ਖਾਣੇ
ਕਈ ਖਾਂਦੇ ਦੋਵੇਂ ਹੀ
ਮਾਸ ਅਤੇ ਦਾਣੇ।

ਕਬੂਤਰ ਬਟੇਰ ਸ਼ਾਤ
ਦੂਤ ਸ਼ਾਂਤੀ ਵਾਲੇ
ਇੱਲ ਅਤੇ ਬਾਜ਼ ਨੇ
ਲੜਾਈ ਵਾਲੇ ਰਾਣੇ।

ਅੱਡ ਅੱਡ ਚੋਜ
ਇਹਨਾਂ ਧਰਤ ਖਿਲਾਰੇ
ਹੁਕਮਾਂ 'ਚ ਚੱਲਦੇ
ਫਜ਼ੂਲ ਨਾ ਪੁਆੜੇ।

ਡੂੰਘੇ ਉਹਦੇ ਰਾਜ਼ਾਂ ਦੀ
ਗਹਿਰਾਟ ਕੌਣ ਜਾਣੇ
ਕਣ ਕਣ ਵੱਸੇ ਜੋ
ਉਹ ਜਾਨੀ ਜਾਣ ਜਾਣੇ।

ਅੱਡ ਅੱਡ ਕੌਤਕ ਨੇ
ਮਿੱਟੀ 'ਚ ਵਿਖਾਤੇ
ਉਹੀ ਜਾਣੇ ਕਿੰਝ
ਓਹੋ ਰੰਗਾਂ ਨੂੰ ਪਛਾਣੇ।

ਵਾਰੇ ਜਾਈਏ ਮਾਂ ਦੇ
ਤੇ ਪਿਉ ਦੇ ਜਾਈਏ ਵਾਰੇ
ਧਰਤੀ ਤੇ ਮਿਲਕੇ
ਸਵਰਗ ਨੇ ਉਸਾਰੇ।

ਦੋਨਾਂ ਦੀਆਂ ਰਹਿਮਤਾਂ ਦੇ
ਦੇਖ ਚਮਕਾਰੇ
ਬੰਦੇ ਨੇ ਮਨੇਸਾ
ਕਿੱਦਾਂ ਨਰਕ ਉਸਾਰੇ।

## ਪੰਜ ਤੋਂ ਪੰਜ ਕਵਿਤਾਵਾਂ

(ਇੱਕ)
ਪੰਜ ਤੱਤਾਂ ਦਾ ਪੁਤਲਾ ਬੰਦਾ
ਇਹੀ ਏਹਦੀ ਔਕਾਤ
ਪੰਜ ਭੂਤੋਂ ਹੀ ਬਣ ਗਿਆ
ਬੰਦੇ ਦਾ ਸੰਸਾਰ।

ਪੰਜ ਵਿਕਾਰ ਬੰਦੇ ਦੇ ਵੈਰੀ
ਲੈਂਦੇ ਏਹਨੂੰ ਮਾਰ
ਕਾਮ ਕ੍ਰੋਧ ਲੋਭ ਮੋਹ
ਤੇ ਪੰਜਵਾਂ ਹੈ ਹੰਕਾਰ।

ਪੰਜ ਪਾਂਡਵਾਂ ਕੌਰਵ ਮਾਰੇ
ਕ੍ਰਿਸ਼ਨ ਦੀ ਕ੍ਰਿਪਾ ਨਾਲ
ਅਰਜੁਨ ਨਕੁਲ ਸਹਿਦੇਵ ਯੁਧਿਸ਼ਟਰ
ਤੇ ਪੰਜਵਾਂ ਭੀਮ ਬੜਾ ਬਲਵਾਨ।

ਪੈਰ ਸਫਲਤਾ ਚੁੰਮੇ ਉਸਦੇ
ਜੋ ਪੰਜ ਵਜੇ ਸੁਭਾ ਤਿਆਰ
ਕੰਮਕਾਜ ਨੂੰ ਸਾਂਭ ਕੇ ਬੰਦਾ
ਜੋ ਪੰਜ ਵਜੇ ਸ਼ਾਮ ਮੈਦਾਨ।

ਪੰਜ ਬੰਦੇ ਦੀਆਂ ਇੰਦਰੀਆਂ
ਜੋ ਬੰਦੇ ਲਈ ਵਰਦਾਨ
ਨੱਕ ਕੰਨ ਅੱਖਾਂ ਤੇ ਜੀਭਾ
ਪੰਜਵੀਂ ਛੋਹ ਹੱਥਾਂ ਦੀ ਨਾਲ।

ਪੰਜੇ ਹੀ ਨਾ ਛੁਪਦੀਆਂ
ਲੱਖ ਯਤਨਾਂ ਦੇ ਨਾਲ
ਇਸ਼ਕ ਮੁਸ਼ਕ ਧਨ ਦੌਲਤਾਂ
ਆਇਆ ਰਾਜ਼ ਜ਼ੁਬਾਨੋਂ ਬਾਹਰ।

ਪੰਜੇ ਅੰਗ ਲੁਭਾਵਣ ਬੰਦਾ
ਕਰਦੇ ਦਿਲਾ ਬੇਤਾਬ
ਅੱਖਾਂ ਗੱਲ੍ਹਾਂ ਲੱਕ ਨੱਕ
ਤੇ ਦੰਦਾਂ ਦੀ ਮੁਸਕਾਣ।

ਪੰਜਾਂ ਨਾਲ ਰੰਗ ਬੰਨ੍ਹਦਾ
ਔਰਤ ਦਾ ਸ਼ਿੰਗਾਰ
ਮੁੰਦਰੀ ਵੰਗਾਂ ਵਾਲੀਆਂ
ਮੱਥੇ ਟਿੱਕਾ ਤੇ ਗਲ ਹਾਰ।

ਪੰਜਾਂ ਵਿੱਚ ਹਯਾਤੇ ਆਬ ਹੈ
ਅੰਮ੍ਰਿਤ ਜਿਸਦਾ ਨਾਮ
ਦੁੱਧ ਦਹੀ ਤੇ ਘਿਉ ਹੈ
ਬਾਕੀ ਖੰਡ ਅਤੇ ਮਖਿਆਲ।

ਪੰਜਾਂ ਨਾਲ ਪੰਜੀਰੀ ਬਣਦੀ
ਜੀਹਤੋਂ ਤਾਕਤ ਲੈਣ ਪ੍ਰਾਣ
ਆਟਾ ਖੰਡ ਘਿਉ ਤੇ ਮੇਵੇ
ਪੰਜਵਾਂ ਨਿੱਕ-ਸ਼ੁੱਕ ਨਾਲ।

ਪੰਜਾਂ ਤੋਂ ਪਚਰੰਗਾ ਬਣਦਾ
ਨਾ ਜੋ ਇੱਕ ਅਚਾਰ
ਅੰਬ ਮਿਰਚ ਨਿੰਬੂ ਤੇ ਅਦਰਕ
ਪੰਜਵਾਂ ਕੁੱਝ ਵੀ ਗਾਜਰ ਵਾਂਗ।

(ਦੋ)
ਗੂਹੜ ਸੰਬੰਧ ਹੈ ਪੰਜਾਂ ਦਾ
ਆਪਸ ਦੇ ਵਿਚਕਾਰ
ਅਹਾਰ ਵਿਚਾਰ ਅਚਾਰ ਵਿਹਾਰ
ਤੇ ਪੰਜਵਾਂ ਜੋ ਸੰਸਾਰ।

ਪੰਜ ਰਤਨ ਨੇ ਜਾਣੇ ਜਾਂਦੇ
ਸਾਡੇ ਵਿੱਚ ਸਮਾਜ
ਰੱਬਤਾ ਪ੍ਰੇਮ ਤੇ ਮਾਨਵਤਾ
ਚੌਥਾ ਸੇਵਾ ਪੰਜ ਉਪਕਾਰ।

ਪੰਜਾਂ ਨਾਲ ਹੀ ਚੀਨੇ ਬਣਦਾ
ਘਰ ਅਤੇ ਪਰਿਵਾਰ
ਦਾਦੀ ਦਾਦਾ ਮਾਂ ਪਿਉ
ਪੰਜਵਾਂ ਇੱਕ ਹੀ ਬਾਲ।

ਅੰਤ ਸਮੇਂ ਵੀ ਪੰਜਾਂ ਦਾ
ਨਾਲ ਅਰਥੀ ਦੇ ਸਰੋਕਾਰ
ਚਾਰ ਜਣੇ ਜੋ ਮੋਢਾ ਦੇਂਦੇ
ਪੰਜਵਾਂ ਖੁਦ ਜੋ ਚੱਲਣਹਾਰ।

(ਤਿੰਨ)
ਪੰਜਾਂ ਨਾਲ ਬਣਨ ਪੰਚਾਇਤਾਂ
ਜੋ ਪਿੰਡਾਂ ਦੀ ਸਰਕਾਰ
ਚਾਰ ਪੰਚ ਨੇ ਬਣਦੇ
ਪੰਜਵਾਂ ਹੁੰਦਾ ਹੈ ਪ੍ਰਧਾਨ।

ਪੰਜ ਸਾਲਾਂ ਦੀ ਬਣੇ ਯੋਜਨਾ
ਪੰਜ ਸਾਲੀਂ ਹਿੰਦ ਸਰਕਾਰ
ਵਿਦੇਸ਼ ਨੀਤੀ ਜੋ ਹਿੰਦ ਦੀ
ਪੰਚਸ਼ੀਲ ਹੈ ਮੂਲ ਆਧਾਰ।

ਪੈਂਟਾਗਨ ਵੀ ਪੰਜਕੋਨੀ ਹੈ
ਅਮਰੀਕਾ ਦਾ ਜੋ ਮਾਣ
ਜਦੋਂ ਟਾਵਰ ਭੰਨੇ ਲਾਦੇਨ ਨੇ
ਬਚੀ ਗੁਰੂ ਦੀ ਕ੍ਰਿਪਾ ਨਾਲ।

ਪੰਜ ਦਿਨਾਂ ਦਾ ਹਫ਼ਤਾ ਚੱਲੇ
ਦਫ਼ਤਰੇ ਹਿੰਦ ਸਰਕਾਰ
ਸੋਮ ਮੰਗਲ ਤੇ ਬੁੱਧ ਹੈ
ਅਗਲੇ ਵੀਰ ਤੇ ਸ਼ੁੱਕਰਵਾਰ।

ਪੰਜਾਂ ਨਾਲ ਸੁਰੱਖਿਆ ਕੌਂਸਲ
ਜਿਹਦੀ ਦੁਨੀਆਂ ਤੇ ਧਮਕਾਰ
ਅਮਰੀਕਾ ਚੀਨ ਇੰਗਲੈਂਡ ਏ
ਚੌਥਾ ਰੂਸ ਤੇ ਪੰਜਵਾਂ ਹੈ ਫਰਾਂਸ।

ਪੰਜਾ ਚੁਣਿਆ ਚੰਡੀਗੜ ਨੇ
ਉਸਦੀ ਜੋ ਪਹਿਚਾਨ
ਕੋਈ ਆਵੇ ਤੇ ਕੋਈ ਜਾਵੇ
ਸਭਦਾ ਹੈ ਸਤਿਕਾਰ।

ਵਿੱਚ ਤਰੱਕੀ ਪੰਜਾਂ ਦਾ
ਹੁੰਦਾ ਅਹਿਮ ਸਥਾਨ
ਪੰਜ ਸਾਲ ਦੀਆਂ ਗੁਪਤ ਰਿਪੋਟਾਂ
ਚੰਗੇ ਪੰਜ ਗਰੇਡਾਂ ਨਾਲ।

ਲੋਕ ਰਾਜ਼ ਦੇ ਪੰਜ ਸਤੰਬ ਨੇ
ਨਾ ਪੰਜਵੇ ਦੀ ਪਹਿਚਾਣ!
ਵਿਧਾਨ ਕਾਰਜਨੀ ਨਿਆਂ ਮੀਡੀਆ
ਪੰਜਵਾਂ ਸ਼ਾਖਸ਼ਰ ਜੋ ਆਵਾਮ!

(ਚਾਰ)
ਪੰਜ ਤਖ਼ਤ ਨੇ ਸ਼ਾਨ ਸਿੱਖੀ ਦੀ
ਜੋ ਫ਼ੈਲੇ ਹਿੰਦੋਸਤਾਨ
'ਨੰਦਪੁਰ ਦਮਦਮਾ ਅੰਮ੍ਰਿਤਸਰ
ਹਜ਼ੂਰ ਤੇ ਪਟਨਾ ਸਾਹਿਬ।

ਪੰਜ ਕਕਾਰੀ ਫੌਜ ਗੁਰੂ ਦੀ
ਪੰਥ ਖ਼ਾਲਸਾ ਸ਼ਾਨ
ਕੰਘਾ ਕੜਾ ਤੇ ਕੇਸ਼ ਨੇ
ਚੌਥੀ ਕੱਛ ਪੰਜਵਾਂ ਕ੍ਰਿਪਾਨ।

ਪੰਜ ਪਿਆਰੇ ਗੁਰੂ ਨੇ ਸਾਜੇ
ਦੇ ਅੰਮ੍ਰਿਤ ਖੰਡੇ ਪਾਣ
ਹਿੰਮਤ ਮੋਹਕਮ ਸਾਹਿਬ ਸਿੰਘ
ਦਯਾ ਧਰਮ ਸਿੰਘ ਸਾਹਿਬ।

ਉੱਠ ਸਵੇਰੇ ਸਿੰਘ ਕਰੇ
ਪੰਜ ਬਾਣੀਆਂ ਪਾਠ
ਜਪੁਜੀ ਜਾਪੁ ਸਵੱਯੈ
ਚੌਪਾਈ ਤੇ 'ਨੰਦ ਸਾਹਿਬ।

ਪੰਜਾ ਸਾਹਿਬ ਗੁਰੂ ਦੀ ਨਗਰੀ
ਪੰਜੇ ਛੱਡੀ ਛਾਪ
ਨੈਣ ਤਰਸਦੇ ਦਰਸ਼ਨ ਲਈ
ਹਾਏ! ਰਹਿਗੀ ਪਾਕਿਸਤਾਨ।

ਪੰਜਾਂ ਵਿੱਚ ਪਰਮੇਸ਼ਰ ਵਸਦਾ
ਜਿਸਦਾ ਹਰ ਥਾਂ ਵਾਸ
ਪੰਜਾ ਬਾਬੇ ਨਾਨਕ ਦਾ
ਸਦਾ ਵੰਡਦਾ ਰਹੇ ਪ੍ਰਸ਼ਾਦ।

ਪੰਜ ਨਿਮਾਜ਼ਾਂ ਮੁੱਲਾਂ ਪੜ੍ਹਦਾ
ਕਾਜ਼ੀ ਮਸਜਿਦ ਦੇ ਅਜ਼ਾਨ
ਫਜ਼ਰ ਜੌਹਰ ਤੇ ਅਸਰ ਹੈ
ਮਗਰਬ ਈਸ਼ਾ ਨਾਮ।

ਮੁਸਲਮਾਨ ਵੀ ਪੰਜ ਹੀ ਪਹਿਲਾਂ
ਲਿਆਏ ਮੁਹੰਮਦ 'ਤੇ ਇਮਾਨ
ਖਦੀਜ਼ਾ ਅਲੀ ਤੇ ਅਬੂਬੱਕਰ
ਜ਼ੈਦ ਊਮੈ ਐਮਨ ਜੋ ਦਾਸ।

ਬਾਈਕਾਟ ਮੁਹੰਮਦ ਸਾਹਿਬ ਦਾ
ਪੰਜਾਂ ਤੋੜਿਆਂ ਕਾਬੇ ਆਣ
ਹਾਸ਼ਮ ਜ਼ੂਬੇਰ ਮਤਅਮ ਜ਼ਮਆ
ਅਤੇ ਅਬੁਦ ਬਖਤਰੀ ਨਾਲ।

ਪੰਜਾਂ ਨਾਲ ਹੀ ਸਾਧੂ ਬਣਦਾ
ਉਹਦੇ ਪੰਜ ਸਮਾਨ
ਚਿੱਪੀ ਚਿਮਟਾ ਪੈਰ ਖੜਾਵਾਂ
ਹੱਥ ਲਾਠੀ ਧੋਤੀ ਨਾਲ।

ਕਿਹਾ ਰਸਾਲੂ ਨੂੰ ਸਲਵਾਨ ਨੇ
ਪੰਜੇ ਦੇਂਦੋ ਕੱਪੜੇ ਪੰਜੇ ਦੇਂਦੋ ਹਥਿਆਰ
ਜੇ ਨਾ ਆਉਂਦਾ ਰਣ ਜਿੱਤਕੇ
ਆਉਂਦੇ ਨੂੰ ਦੇਂਦੋ ਮਾਰ।

ਪੰਜ ਪੀਰਾਂ ਦਾ ਥਾਪੜਾ
ਸੀ ਹੀਰ ਤੇ ਰਾਂਝੇ ਨਾਲ
ਪੰਜਾਂ ਨਾਲ ਪਿਆਰ ਨਿਭਾ ਗਏ
ਤਖ਼ਤ ਹਜ਼ਾਰੇ ਝੰਗ ਸਿਆਲ।

(ਪੰਜ)
ਚਾਰ ਚੁਫ਼ੇਰੇ ਪੰਜਾਂ ਦਾ
ਪਸਰਿਆ ਹੈ ਰਾਜ
ਹਵਾ ਪਾਣੀ ਤੇ ਅਗਨੀ
ਮਿੱਟੀ ਅਤੇ ਆਕਾਸ਼।

ਪੰਜ ਰੁੱਤਾਂ ਦੀ ਚੌਧਰ ਜੱਗ ਤੇ
ਪੰਜੀਂ ਚੱਲੇ ਜਹਾਨ
ਪਤਝੜ ਸਾਵਣ ਸਰਦੀ ਗਰਮੀ
ਪੰਜਵੀ ਰੁੱਤ ਬਹਾਰ।

ਪੰਜੀਂ ਧਰਤੀ ਸੋਹਵਦੀ
ਪੰਜੇ ਧਰਤ ਸ਼ਿੰਗਾਰ
ਰੁੱਖ਼ ਨਦੀਆਂ ਫ਼ੁੱਲ ਤੇ ਪੰਛੀ
ਪੰਜਵੇਂ ਹਰੇ ਪਹਾੜ।

ਇੱਕ ਨਦੀ ਨੂੰ ਘਾਟੀ ਕਹਿੰਦੇ
ਦੋ ਪਾਸੇ ਹੋਣ ਪਹਾੜ
ਦੋ ਨਦੀਆਂ ਦੋ ਆਬ ਕਹਾਵਣ
ਤੇ ਪੰਜ ਨਦ ਬਣੇ ਪੰਜਾਬ।

ਪੰਜ ਨਦੀਆਂ ਦੀ ਬਰਕਤ ਵੱਸੇ
ਜੋ ਸਾਡਾ ਪੰਜਾਬ
ਸਤਲੁਜ ਬਿਆਸ ਤੇ ਰਾਵੀ ਚੱਲਦੀ
ਚੱਲੇ ਜੇਹਲਮ ਅਤੇ ਚਨਾਬ।

ਘਾਟੀ ਪੋਤੂਸ਼ਾਹੀ ਲੋਲਾਬ ਦੀ
ਪੰਜ ਮਾਂਹ ਠੰਡ ਦਾ ਰਾਜ
ਨਹਾ ਬੰਦਾ ਮਰ ਜਾਵਦਾ
ਸਾਰੇ ਕਰਕੇ ਪੰਜ 'ਸ਼ਨਾਨ।

ਵਿੱਚ ਅਮਰੀਕਾ ਉੱਤਰੀ
ਪੰਜ ਝੀਲਾਂ ਦੀ ਸ਼ਾਨ
ਸੁਪੀਰੀਅਰ ਮਿਸ਼ੀਗਨ ਓਂਟੇਰੀਓ
ਚੋਥੀ ਇਰੀ ਤੇ ਪੰਜ ਹਿਊਰਾਨ।

ਪੰਜ ਕਲਿਆਣੀ ਝੋਟੀ ਹੁੰਦੀ
ਵਗ ਦੀ ਪੂਰੀ ਸ਼ਾਨ
ਧੋਤੇ ਚਾਰੋ ਖੁਰ ਹੁੰਦੇ ਨੇ
ਤੇ ਪੰਜਵਾਂ ਫ਼ੁੱਲ ਮੱਥੇ ਵਿਚਕਾਰ।

ਪੰਜਾ ਬੰਦੇ ਚਿੜੀ ਜਨੌਰਦਾ
ਹੈ ਕਰਦਾ ਖ਼ੂਬ ਕਮਾਲ
ਹੱਥੀਂ ਪੰਜ ਪੰਜ ਉਂਗਲੀਆਂ
ਪੰਜ ਪੰਜ ਪੈਰਾਂ ਨਾਲ।

ਪੰਜੇ ਮੀਂਹ ਨਾ ਮੰਗਦੇ
ਭਾਵੇਂ ਉੱਜੜ ਜਾਏ ਸੰਸਾਰ
ਊਠ ਜਵਾਂਹਿਆਂ ਭੱਖੜਾ ਬੱਕਰੀ
ਤੇ ਪੰਜਵਾ ਜੋ ਰਥਵਾਨ।

ਪੰਜਾਂ ਨਾਲ ਬਣੇ ਪੰਸੇਰੀ
ਤੋਲਣ ਦੇ ਲਈ ਭਾਰ
ਪੰਜੋ ਪੰਜ ਹੀ ਤੋਲਕੇ
ਤੁਲ ਜਏ ਖ਼ੂਬ ਸਮਾਨ।

ਬਚਪਨੇ ਪੰਜੀ ਜੇਬ ਵਿੱਚ
ਤਾਂ ਹੁੰਦੇ ਸਾਂ ਸਰਦਾਰ
ਹੁਣ ਪੰਜੋ ਪੰਜ ਪੂਰੇ ਨਾ ਹੋਵਦੇ
ਸੌ ਪੰਜ ਦੇ ਪੱਤੇ ਨਾਲ।

ਪੰਜ ਭਰਾ ਸਨ ਦਾਦੂ ਜੀ
ਤੇ ਪੰਜ ਪੁੱਤ ਦਾਦੂ ਪ੍ਰਵਾਰ
ਹਾਂ ਪੰਜ ਨਿਆਣੇ ਪਿਉ ਦੇ
ਤੇ ਪੰਜ ਤਿੰਨਾਂ ਭਰਾਵਾਂ ਪਾਸ।

ਪੰਜ ਬਿਨਾ ਨਾ ਸੋਹਵਦਾ
ਕੋਈ ਕਵੀਆਂ ਦਾ ਦਰਬਾਰ
ਭਾਵੇਂ ਕਿੰਨਾਂ ਵਧੀਆ
ਲੈਣ ਕਲਾਮ ਉਚਾਰ।

## ਮੰਜੈਂਟੀ ਫ਼ੁੱਲ

ਤਿੰਨ ਫ਼ੁੱਲ ਰੰਗ ਮੰਜੈਂਟੀਆ
ਖੜੇ ਸੀ ਕਿੰਗੜੀ ਪਾਈ
ਹਵਾ ਦੇ ਝੂਟੇ ਮਾਣ ਮਾਣ ਕੇ
ਸੀ ਜਾਂਦੇ ਮੌਜ ਮਨਾਈ।

ਮੰਜੈਂਟੀ ਪੱਤੀਆਂ ਪੀਲੀ ਬਿੰਦੀ
ਖੜੀ ਸੀ ਚੰਨ ਚੜਾਈ
ਰੂਪ ਦੀ ਫਾਹੀ ਪਾ ਖੜੇ ਸੀ
ਸੀ ਫ਼ਿਜ਼ਾ ਪਈ ਨਸ਼ਿਆਈ।

ਅੱਠ ਸੱਤ ਛੇ ਸੀ ਪੱਤੀਆਂ
ਜਾਂਦੀਆਂ ਮਨ ਨੂੰ ਭਾਈ
ਵੇਖ ਪਿਆਰੇ ਜੁੱਟ ਨੂੰ
ਪੈਰ ਰੁਕੇ ਸੀ ਥਾਂਈਂ।

ਧਰਤੀ ਤੋਂ ਗਿੱਠ ਉੱਚੜੇ
ਕਿਆ ਸੀ ਧਾਂਕ ਜਮਾਈ!
ਸ਼ੋਖ ਰੰਗਾਂ ਦੇ ਅੰਦਰ
ਬੈਠੇ ਅੰਮ੍ਰਿਤ ਕੁੰਡ ਛੁਪਾਈ।

ਅਸਾਂ ਨੇ ਪੁੱਛਿਆ ਲੱਗਦਾ
ਕੋਈ ਸ਼ਾਜਿਸ਼ ਖੜੇ ਰਚਾਈ
ਹੱਸ ਬੋਲੇ ਨਾਲ ਪਿਆਰਦੇ
ਪਿਆਰ ਦੀ ਫੰਧੀ ਲਾਈ।

ਬਿੰਦੀਏ ਬੈਠੀ ਸਾਨੂੰ ਸੀ
ਇੱਕ ਮੱਖੀ ਨਜ਼ਰੀਂ ਆਈ
ਚੂਸ ਚੂਸ ਰਸ ਰੱਜ ਗਈ
ਉੱਡ ਗਈ ਵਿੱਚ ਹਵਾਈਂ।

ਤਿੱਕੜੀ ਵਿੱਚੋਂ ਸਾਨੂੰ ਸੀ
ਨਜ਼ਰ ਖੁਦਾਈ ਆਈ
ਚਾਰ ਕੁ ਸਤਰਾਂ ਲਿਖ ਕੇ
ਸਾਂ ਤੁਰ ਪਏ ਆਪਣੇ ਰਾਹੀਂ।

ਰਾਹੇ ਰਾਹੇ ਜਾਂਦਿਆਂ ਸੀ
ਧੁਨ ਕੰਨੀਂ ਆ ਟਕਰਾਈ
ਪੈਰ ਤੇਰੇ ਅਸਾਂ ਰੋਕੇ ਸੀ
ਤੂੰ ਪਿਆਸ ਬੁਝਾਦਾ ਜਾਈਂ।

ਸੁਣਕੇ ਸ਼ਬਦ ਮੁੜੇ ਸਾਂ ਪਿੱਛੇ
ਭਰਕੇ ਮਸ਼ਕ ਪਾਣੀ ਦੀ ਪਾਈ
ਫ਼ੁੱਲ ਬੋਲੇ ਜੀਅ ਲੰਮੀਆਂ ਉਮਰਾਂ
ਘਾਟੀ ਬੈਠ ਲੋਲਾਬੇ ਪੋਤੂਸ਼ਾਹੀ।

## ਈਦ ਮੁਬਾਰਕ!

ਰੋਜ਼ਿਆਂ ਤਨ ਮਨ ਸ਼ੁੱਧ ਕੀਤਾ
ਕੀਤਾ ਧਰਮ ਤੇ ਨਾਲ ਇਬਾਦਤ
ਨਾਲੇ ਤਨ ਮਨ ਠੰਡਾ ਹੋਇਆ
ਹੋ ਗਈ ਘੱਟ ਹਰਾਰਤ।

ਸ਼ਾਂਤੀ ਦਾ ਪੈਗਾਮ ਦੇ ਗਏ
ਕਰ ਦਿਲ 'ਚੋਂ ਘੱਟ ਸ਼ਰਾਰਤ
ਨਿੱਤ ਦਿਹਾੜੇ ਆਵਣ ਐਸੇ
ਜੋ ਪਵਿੱਤਰ ਪਾਕ ਸਮਾਗਮ।

ਸੋਹਣੇ ਕੱਪੜੇ ਪਾ ਕੇ ਨਿੱਕਲੇ
ਮੋਮਨ ਮੁੱਖ ਮੁਸਕਾਵਣ
ਇੱਕ ਦੂਜੇ ਗਲਵੱਕੜੀ ਪਾਈ
ਪਿਆਰ ਦੀ ਹੋਈ ਬਾਰਿਸ਼।

ਚੰਨ ਚੜ੍ਹਦਿਆਂ ਤਮਸ ਪਲੋਈ
ਹੋਈ ਖੁਸ਼ੀ ਦੀ ਆਮਦ
ਮੋਮਨ ਉੱਡੇ ਵਿੱਚ ਆਕਾਸ਼ੀਂ
ਕਰ ਕਰ ਕੁਰਾਨ ਤਿਲਾਵਤ।

ਚਾਰੇ ਪਾਸੇ ਇਹੀ ਆਵਾਜ਼ਾਂ
ਮੁਬਾਰਕ! ਮੁਬਾਰਕ! ਈਦ ਮੁਬਾਰਕ!
ਅਸੀਂ ਵੀ ਕਹਿ ਉੱਠੇ ਮੋਮਨੋ!
ਮੁਬਾਰਕ! ਮੁਬਾਰਕ!!ਈਦ ਮੁਬਾਰਕ!!!

# ਕਿਉਂ?

੬੫ ਸਾਲ ਅਜ਼ਾਦੀ ਬੀਤੇ
ਭ੍ਰਿਸ਼ਟ ਬੇਕਾਰ ਗਰੀਬ ਕਿਉਂ?
ਜਨਤਾ ਮਾਰੇ ਦਿੱਲੀ ਨਾਰ੍ਹੇ
ਚਿੱਟੀ ਟੋਪੀ ਬਹਿਰੀ ਕਿਉਂ?

ਤਾਣਾ ਬਾਣਾ ਲੀਰੋ ਲੀਰੀ
ਵੰਨ ਸੁਵੰਨੀਆਂ ਵੰਡੀਆਂ ਕਿਉਂ?
ਗੁਰਬਾ ਤਰਸੇ ਰੋਟੀ ਨੂੰ
ਤੁਸੀਂ ਮਲਾਈਆਂ ਛਕਦੇ ਕਿਉਂ?

ਝੁੱਗੀ ਦੀ ਰੱਤ ਗਈ ਚੂਸੀ
ਮਹਿਲੀਂ ਫ਼ੈਲੀ ਲਾਲੀ ਕਿਉਂ?
ਝੁਕ ਝੁਕ ਕੇ ਤੁਸੀਂ ਕਰੋ ਸਲਾਮਾਂ
ਅਪਰਾਧੀ ਨੀਵੇਂ ਦੂਣਾ ਕਿਉਂ?

ਚਿਪਕ ਕੁਰਸੀਏ ਫੜ੍ਹਾਂ ਮਾਰਦੇ
ਜਨਤਾ ਮਾਰੇ ਜੁੱਤੀ ਕਿਉਂ?
ਸਾਡੀ ਬਿੱਲੀ ਸਾਡਾ ਖਾਂਦੀ
ਸਾਨੂੰ ਕਰਦੀ ਮਿਆਊਂ ਕਿਉਂ?

ਅੰਦਰੋਂ ਖ਼ਤਰਾ ਵਧ ਗਿਆ
ਤਾਣ ਕੇ ਸੁੱਤੇ ਲੰਮੀ ਕਿਉਂ?
ਸਵਾਲ ਖਲਾਰੀ ਫਨ ਖੜੇ
ਦੇਂਦੇ ਉੱਤਰ ਨਹੀਂ ਕਿਉਂ?

ਭਾਸ਼ਨ ਤੁਸੀਂ ਵਾਧੂ ਦੇਵੋ
ਦੇਂਦੇ ਰਾਸ਼ਨ ਨਹੀਂ ਕਿਉਂ?
ਕਾਲੀਆਂ ਭੇਡਾਂ ਪਲ ਰਹੀਆਂ
ਕਰਤੂਤਾਂ ਬਾਰੇ ਚੁੱਪ ਕਿਉਂ?

ਅਪਰਾਧੀ ਖੁੱਲੇ ਘੁੰਮਣ ਬਜ਼ਾਰੇ
ਕਾਇਦੇ ਮੋਰੀ ਚੋਰ ਕਿਉਂ?
ਚੋਰ ਉਚੱਕੇ ਬਣੇ ਚੌਧਰੀ
ਚੁੱਪ ਬੈਠੀ ਪ੍ਰਧਾਨ ਕਿਉਂ?

ਧੀ ਭੈਣ ਦੀ ਆਬਰੂ
ਲੁੱਟੀ ਜਾਏ ਦੱਸੋ ਕਿਉਂ?
ਚੋਰ ਚੋਰ ਮੁਸੇਰੇ ਭਾਈ
ਵਾੜ ਖਾਂਵਦੀ ਖੇਤ ਕਿਉਂ?

ਚੜਿਆ ਸੂਰਜ ਛਿਪਦਾ ਜਾਂਦਾ
ਚਿਹਰੇ ਨਹੀਂ ਸ਼ਿਕਨ ਕਿਉਂ?
ਚਿੱਟੀ ਧੋਤੀ ਟੋਪੀ ਪਹਿਨੋਂ
ਬਾਣੇ ਲੱਗੇ ਦਾਗ਼ ਕਿਉਂ?

ਖੇਤੀਂ ਫਸਲਾਂ ਵੈਣ ਪਾਉਂਦੀਆਂ
ਮਰ ਰਿਹਾ ਕਿਰਸਾਨ ਕਿਉਂ?
ਕਲਮ ਮਨੇਸਾ ਪੁੱਛੇ ਏਹੀ
ਬੰਦਾ ਨਿਗਲਿਆ ਆਮ ਕਿਉਂ?

ਨਾ ਦ੍ਰਿਸ਼ਟੀ ਨਾ ਦ੍ਰਿਸ਼ ਬਦਲਿਆ
ਚੱਲੇ ਪੁਰਾਣਾ ਰਾਗ ਕਿਉਂ
ਨਵਾਂ ਤਰਾਨਾ ਲਿਖਣ ਲਈ
ਚਾਹੀਦੀ ਸਿਆਹੀ ਲਾਲ ਕਿਉਂ?

# ਕਵਿਤਾ

ਕਵਿਤਾ ਰਚਨ ਅਸਾਨ ਨਹੀਂ ਹੁੰਦਾ
ਇਸਦਾ ਸਮਾਂ ਸਥਾਨ ਨਹੀਂ ਹੁੰਦਾ
ਜਦ ਵਿਚਾਰ ਦਿਲੇ ਵਿੱਚ ਉਮੜਨ
ਕਲਮ ਜਾਂ ਕਾਗਜ਼ ਪਾਸ ਨਹੀਂ ਹੁੰਦਾ।

ਰੂਹ ਏਸਦੀ ਫਿੱਕੀ ਫਿੱਕੀ
ਜੇਕਰ ਕੋਈ ਅਲੰਕਾਰ ਨਹੀਂ ਹੁੰਦਾ
ਤਾਣਾ ਬਾਣਾ ਟੇਡਾ ਮੇਢਾ
ਕੋਲ ਜੇ ਸ਼ਬਦ ਭੰਡਾਰ ਨਹੀਂ ਹੁੰਦਾ।

ਤੁਕ ਬੰਦੀ ਨਿਰੀ ਕਵਿਤਾ ਨਾਹੀ
ਜੇਕਰ ਵਿੱਚ ਵਿਚਾਰ ਨਹੀਂ ਹੁੰਦਾ
ਅੜਦੀ ਫੇਰ ਗਰਾਰੀ ਵਾਂਗਰ
ਜੇਕਰ ਤੁਕ ਤੁਕਾਂਤ ਨਹੀਂ ਹੁੰਦਾ।

ਏਹੇ ਹੁੰਦੀ ਮੁਰਦੇ ਵਰਗੀ
ਜੇਕਰ ਕੋਈ ਰਸਧਾਰ ਨਹੀਂ ਹੁੰਦਾ
ਜਾਪੇ ਏਹੇ ਹਲਕੀ ਫ਼ੁਲਕੀ
ਜੇ ਅੰਦਰ ਸੰਚਾਰ ਨਹੀਂ ਹੁੰਦਾ।

ਜਿੱਥੇ ਕਵਿਤਾ ਮਰ ਜਾਂਦੀ ਏ
ਸੋਹਣਾ ਕੋਈ ਸੰਸਾਰ ਨਹੀਂ ਹੁੰਦਾ
ਕਵਿਤਾ ਦੀ ਰੂਹ ਮਿੱਠੀ ਮਿੱਠੀ
ਏਹਦੇ ਜਿਹਾ ਸਵਾਦ ਨਹੀਂ ਹੁੰਦਾ

ਜਮ੍ਹਾਂ ਤੇ ਮਨਫ਼ੀ ਚੱਲਦੀ ਨਾਹੀ
ਏਸਦੇ ਵਿੱਚ ਵਪਾਰ ਨਹੀਂ ਹੁੰਦਾ
ਜੇ ਕਵਿਤਾ ਨਾ ਉੱਠੇ ਦਿਲ 'ਚੋਂ
ਕਾਹਦਾ ਫੇਰ ਪਿਆਰ ਹੈ ਹੁੰਦਾ।

ਗੁਰੂ ਪੀਰਾਂ ਤੇ ਸ਼ਾਇਰਾਂ ਦਾ ਜੇ
ਸਾਡੇ ਕੋਲ ਕਲਾਮ ਨਾ ਹੁੰਦਾ
ਹਸਦਾ ਗਾਉਂਦਾ ਨੱਚਦਾ ਟੱਪਦਾ
ਸਾਡਾ ਕਦੇ ਪੰਜਾਬ ਨਾ ਹੁੰਦਾ।

ਕਵਿਤਾ ਓਹੋ ਕਾਹਦੀ ਕਵਿਤਾ
ਜੀਹਦੇ ਵਿੱਚ ਕੋਈ ਧਾਰ ਨਾ ਹੁੰਦਾ
ਜਾਂ ਫਿਰ ਉਸਦੀ ਧੁੰਨੀ ਅੰਦਰ
ਛੁਪਿਆ ਗਹਿਰਾ ਰਾਜ਼ ਨਹੀਂ ਹੁੰਦਾ।

ਕਵਿਤਾ ਪਟੜੀ ਰੇਲ ਦੀ ਨਾਹੀ
ਇਹ ਦਰਿਆ ਰਵਾਨ ਹੈ ਹੁੰਦਾ
ਨਾਹੀ ਏਹੇ ਕੈਦ ਕੋਠੜੀ
ਪੰਛੀ ਏਹ ਅਜ਼ਾਦ ਹੈ ਹੁੰਦਾ।

ਰਹਿਮਤ ਰੱਬ ਦੀ ਹੁੰਦੀ ਨਾ
ਮਨੇਸ ਜੇ ਵਿੱਚ ਵਪਾਰ ਦੇ ਹੁੰਦਾ
ਕਵਿਤਾ ਬਣੀ ਇਬਾਦਤ ਸਾਡੀ
ਕਾਦਰ ਕ੍ਰਿਪ ਅਪਾਰ ਹੈ ਹੁੰਦਾ।

ਜਿਸ ਹਿਰਦੇ ਵਿੱਚ ਕਵਿਤਾ ਨਾਹੀਂ
ਉਹ ਕਿਸੇ ਦਾ ਯਾਰ ਨਹੀਂ ਹੁੰਦਾ
ਦਿਲ ਪਿਆਸੇ ਖੇਤਾਂ ਵਾਂਗੂੰ
ਰੋਹੀ ਬੀਆਬਾਨ ਹੈ ਹੁੰਦਾ।

ਕਵਿਤਾ ਦਾ ਜੀਹਨੂੰ ਚੇਟਕ ਲੱਗੇ
ਉਸਦਾ ਅੱਡ ਮਜਾਜ ਹੈ ਹੁੰਦਾ
ਨੌ ਰਸਾਂ ਦੀ ਏਹੇ ਜਣਨੀ
ਸਭ ਦਾ ਅੱਡ ਸਵਾਦ ਹੈ ਹੁੰਦਾ।

ਜੇਕਰ ਕਵਿਤਾ ਜੱਗ ਨਾ ਹੁੰਦੀ
ਦੁਨੀਆਂ ਵਿੱਚ ਕੋਈ ਰਾਜ਼ ਨਾ ਹੁੰਦਾ
ਬੰਬ ਬੰਦੂਕਾਂ ਰਾਕਟ ਹੁੰਦੇ
ਪਰ ਦੁਨੀਏ ਕੋਈ ਸਾਜ਼ ਨਾ ਹੁੰਦਾ।

ਨਹੀਂ ਸੀ ਲੱਭਣੀ ਬੁਲਬੁਲ ਏਥੇ
ਬੱਸ ਬਾਜ਼ਾਂ ਦਾ ਰਾਜ ਈ ਹੁੰਦਾ
ਬਾਜ਼ ਹੀ ਹੋਣਾ ਸੀਗਾ ਰਾਜਾ
ਬਾਜ਼ ਹੀ ਫੇਰ ਅਵਾਮ ਵੀ ਹੁੰਦਾ।

ਕਵਿਤਾ ਪੈਦਾ ਬਾਜ਼ ਵੀ ਕਰਦੀ
ਪਰ ਚਿੜੀਆਂ ਦਾ ਸਾਥ ਵੀ ਹੁੰਦਾ
ਅਸਲੀ ਕਵਿਤਾ ਜੋ ਵੀ ਹੁੰਦੀ
ਕਾਦਰ ਤੋਂ ਆਗਾਜ਼ ਹੈ ਹੁੰਦਾ।

ਕਵਿਤਾ ਬਾਝੋਂ ਦੁਨੀਆਂ ਉੱਤੇ
ਕੋਈ ਕਵੀ ਦਰਬਾਰ ਨਾ ਹੁੰਦਾ
ਸੂਰਜ ਤੋਂ ਸਭ ਥੱਲੇ ਰਹਿੰਦੇ
ਕੋਈ ਸੂਰਜ ਤੋਂ ਪਾਰ ਨਾ ਹੁੰਦਾ।

## ਆਵਾਜ਼

ਮਾਂ ਸੀ ਸਾਡੀ ਕਹਿੰਦੀ ਹੁੰਦੀ
ਤੇਰੀ ਮੱਤ ਕਿਤਾਬਾਂ ਮਾਰੀ
ਕੀ ਖੱਟਿਆ ਤੂੰ ਪੁੱਤਰਾ ਵੇ
ਨਾਲੇ ਆਪਣੀ ਸਿਹਤ ਵਿਗਾੜੀ।

ਪਿੰਡ ਦੇ ਵਿੱਚ ਤੂੰ ਮਾਸਟਰ ਲਗਦੋਂ
ਜਾਂ ਲੱਗ ਜਾਦੋਂ ਪਟਵਾਰੀ
ਘਰੋਂ ਸਵੇਰੇ ਖਾ ਕੇ ਜਾਂਦਾ
ਆ ਲਗਦੋਂ ਕੰਮੇ ਕਾਰੀ।

ਉਦੋਂ ਸੀ ਜੋਸ਼ ਜਵਾਨੀ ਵਾਲਾ
ਗੱਲ ਮਾਂ ਦੀ ਲੱਗਦੀ ਖਾਰੀ
ਇੱਕ ਨਾ ਮੰਨੀ ਮਾਂ ਆਪਣੀ ਦੀ
ਗਏ ਪਿੰਡੋਂ ਮਾਰ ਉਡਾਰੀ।

ਘਰਬਾਰ ਨੂੰ ਛੱਡਕੇ ਤੁਰ ਗਏ
ਗਏ ਹੋ ਨੌਕਰ ਸਰਕਾਰੀ
ਘੁੰਮਦੇ ਰਹੇ ਚੁੱਕ ਦੌਰੀ ਡੰਡਾ
ਬਣ ਗਏ ਅਸੀਂ ਮਦਾਰੀ।

ਬੈਠਿਆਂ ਬੈਠਿਆਂ ਅੱਜ ਅਸਾਂ ਨੇ
ਝਾਤ ਪਿੱਛੇ ਵੱਲ ਮਾਰੀ
ਕੀ ਖੋਇਆ ਤੇ ਕੀ ਹੈ ਪਾਇਆ
ਸੀਨੇ ਚੱਲ ਗਈ ਆਰੀ।

ਵਿੱਚ ਚਾਕਰੀ ਪਾਈ ਫਾਕਰੀ
ਘੁੰਮੇ ਬੱਸ ਦੀ ਬਣ ਸਵਾਰੀ
ਘੁੰਮਦਿਆਂ ਘੁੰਮਦਿਆਂ ਐਵੇਂ ਲੰਘ ਗਈ
ਜ਼ਿੰਦ ਜੋ ਪੀੜਾਂ ਮਾਰੀ।

ਘਰੋਂ ਅਸਾਂ ਨੇ ਘਰ ਗਵਾਇਆ
ਬਾਹਰ ਭੜੂਆ ਸਰਕਾਰੀ
ਮਾਂ ਮੋਈ ਤੋਂ ਪੁੱਜ ਸਕੇ ਨਾ
ਉਸ 'ਵਾਜ਼ ਸਿਵੇਂ ਚੋਂ ਮਾਰੀ।

ਚਾਚੇ ਤੁਰ ਗਏ ਤਾਏ ਤੁਰ ਗਏ
ਸਭ ਗਏ ਵਾਰੋ ਵਾਰੀ
ਬੁੱਢਾ ਬਾਪ ਕਿਨਾਰੇ ਲੱਗਾ
ਜਾਪੇ ਕਰਦਾ ਪਿਆ ਤਿਆਰੀ।

ਸਮਾਂ ਆ ਗਿਆ ਕੋਝੜਾ
ਦੁਨੀਆਂ ਨਾਲ ਕਲੇਸ਼ਾਂ ਮਾਰੀ
ਹੱਥ ਪੱਲੇ ਕੁੱਝ ਲੱਗਣਾ ਨਾਹੀਂ
ਆਖਰ ਵੰਡਣੀ ਪੈਣੀ ਤਾਣੀ।

ਆਖਰ ਨੂੰ ਤਾਂ ਵਾਹੁਣੀ ਪੈਣੀ
ਜਾ ਕੇ ਪਿੰਡ ਕਿਆਰੀ
ਮਾਂ ਦੀ ਗੱਲ ਵੀ ਚੰਗੀ ਸੀ
ਜੇ ਬਣਦਾ ਹਲ਼ ਦਾ ਹਾਲ਼ੀ

ਕਾਮਯਾਬੀ ਉਹਨਾਂ ਦੇ ਹਿੱਸੇ
ਜਿਨ੍ਹ ਮਾਂ ਦੀ ਬਾਤ ਵਿਚਾਰੀ
ਪਾਤਰ ਜੀ ਨੇ ਕਵਿਤਾ ਅੰਦਰ
ਇੱਕ ਵਧੀਆ ਗੱਲ ਚਿਤਾਰੀ:

ਪਿੰਡ ਜਿਨ੍ਹਾਂ ਦੇ ਗੱਡੇ ਚੱਲਣ
ਹੁਕਮ ਅਤੇ ਸਰਦਾਰੀ
ਸ਼ੀਹਰ 'ਚ ਜਾ ਕੇ ਬਣ ਜਾਂਦੇ ਨੇ
ਬੱਸ ਦੀ ਇੱਕ ਸਵਾਰੀ।

ਛੱਡ ਮਨੇਸਾ ਪੰਗੇ ਨੂੰ
ਕਰ ਪਿੰਡ ਦੀ ਤੂੰ ਤਿਆਰੀ
ਹਾਲ ਚਾਲ ਤੂੰ ਪੁੱਛ ਬਾਪ ਦਾ
ਜਾਪੇ 'ਵਾਜ਼ ਓਸਨੇ ਮਾਰੀ।

## ਵੇ ਫ਼ਜ਼ਰ ਦੇ ਤਾਰਿਆ!

ਵੇ ਫ਼ਜ਼ਰ ਦੇ ਤਾਰਿਆ ਤੂੰ!
ਰਾਹਾਂ ਨੂੰ ਰੁਸ਼ਨਾਦਾ ਰਹਿ
ਭੁੱਲੇ ਫ਼ਰਜ਼ਾਂ ਵਾਲਿਆਂ ਨੂੰ
ਫ਼ਰਜ਼ ਦੀ ਯਾਦ ਕਰਾਂਦਾ ਰਹਿ।

ਵੇ ਰਾਹੀਆ ਰਾਹਾਂ ਵਾਲਿਆ !
ਤੂੰ ਬਿਖੜੇ ਪੰਧ ਮੁਕਾਂਦਾ ਰਹਿ
ਤੂੰ ਨਿੱਕੇ ਨਿੱਕੇ ਕਦਮਾਂ ਨੂੰ
ਨਿੱਤ ਅੱਗੇ ਵੱਲ ਟਿਕਾਂਦਾ ਰਹਿ।

ਵੇ ਚਾਨਣ ਦੇ ਚਮਕਾਰਿਆ!
ਤੂੰ ਜੋਤਾਂ ਦਿਲੇ ਜਗਾਂਦਾ ਰਹਿ
ਚਾਰ ਚੁਫ਼ੇਰੇ ਤਮਸਾਂ ਛਾਈਆਂ
ਤੂੰ ਦੀਵੇ ਨਿੱਤ ਜਗਾਂਦਾ ਰਹਿ।

ਵੇ ਰਾਹੀਆ ਕੰਮਾ ਵਾਲਿਆ!
ਤੂੰ ਆਪਣੇ ਹੱਥ ਹਿਲਾਂਦਾ ਰਹਿ
ਪਿੱਟੇ ਰਾਹੀਂ ਪਿੱਟ ਜਾਵੇਂਗਾ
ਰਾਹ ਤੂੰ ਨਵੇਂ ਬਣਾਂਦਾ ਰਹਿ।

ਵੇ ਸੁਣ ਚਾਨਣ ਦੇ ਮੁਨਾਰਿਆ!
ਸੱਚ ਦੀ ਬਾਤ ਸੁਣਾਂਦਾ ਰਹਿ
ਭਟਕੇ ਹੋਏ ਰਾਹੀਆਂ ਨੂੰ
ਸਿੱਧੇ ਰਾਹੇ ਪਾਂਦਾ ਰਹਿ।

ਵੇ ਰਾਹੀਆ ਮੰਜ਼ਿਲਾਂ ਵਾਲਿਆ!
ਤੂੰ ਮੀਲ ਪੱਥਰ ਕੋਈ ਲਾਂਦਾ ਰਹਿ
ਨਵੇਂ ਚੱਲੇ ਤੂੰ ਰਾਹੀਆਂ ਨੂੰ
ਨਵੀਂ ਕਹਾਣੀ ਪਾਂਦਾ ਰਹਿ।

ਵੇ ਖੁਸ਼ੀਆਂ ਦੇ ਹਰਕਾਰਿਆ!
ਤੂੰ ਗੀਤ ਖੁਸ਼ੀ ਦੇ ਗਾਂਦਾ ਰਹਿ
ਚੱਲਦੇ ਹੋਏ ਰਾਹੀਆਂ ਨੂੰ
ਤੂੰ ਰਾਹੀਂ ਖੁਸ਼ੀ ਲੁਟਾਂਦਾ ਰਹਿ।

ਵੇ ਰਾਹੀਆ ਕਲਮਾਂ ਵਾਲਿਆ!
ਤੂੰ ਕਲਮਾਂ ਨਿੱਤ ਘਸਾਂਦਾ ਰਹਿ
ਨਵੇਂ ਤਰਾਨੇ ਲਿਖਦਾ ਚੱਲ
ਤੂੰ ਸਾਜ਼ਾਂ ਨੂੰ ਛਣਕਾਂਦਾ ਰਹਿ।

## ਆਉ ਮਿੱਤਰੋ !

ਆਉ ਮਿੱਤਰੋ ! ਗੱਲ ਸੁਣਾਵਾਂ
ਸੌ ਸੱਚਾਂ ਦੇ ਸੱਚ ਦੀ
ਕੋਈ ਨਾ ਮੰਨੇ ਗੱਲ ਜਵਾਨੋ
ਸੌ ਖੱਚਾਂ ਦੇ ਖੱਚ ਦੀ।

ਆਮ ਬੰਦੇ ਲਈ ਚੰਗੀ ਹੁੰਦੀ
ਸਦਾ ਸਵਾਰੀ ਬੱਸ ਦੀ
ਕਾਰ ਜਹਾਜ਼ ਸਵਾਰੀ ਚੰਗੀ
ਪਰ ਨਹੀਂ ਹਰਦੇ ਵੱਸਦੀ।

ਸਦਾ ਲੜਾਈ ਮਾੜੀ ਮਿੱਤਰੋ
ਵਿੱਚ ਜੱਟਾਂ ਦੇ ਵੱਟ ਦੀ
ਜਿੱਤ ਮੈਦਾਨੇ ਸਦਾ ਹੀ ਹੁੰਦੀ
ਪਹਿਲੀ ਮਾਰੀ ਸੱਟ ਦੀ।

ਸੱਸ ਸਦਾ ਉਹੀ ਹੈ ਚੰਗੀ
ਜੋ ਨੂੰਹ ਨੂੰ ਧੀ ਹੈ ਦੱਸਦੀ
ਜੇ ਕਲੇਸ਼ ਕਰੇ ਹਰ ਵੇਲੇ
ਚੰਗੀ ਫੋਟੋ ਟੰਗੀ ਸੱਸ ਦੀ।

ਮਾੜੀ ਹੁੰਦੀ ਫੇਟ ਵੱਜੀ ਏ
ਸੜਕੇ ਜਾਂਦੀ ਬੱਸ ਦੀ
ਜਾਂ ਫਿਰ ਮਾੜੀ ਸੱਟ ਜਵਾਨੋ
ਦੁਸ਼ਮਣ ਹੱਥੋਂ ਲੱਠ ਦੀ।

ਔਲਾ ਖਾਧਾ ਕੰਮ ਹੈ ਆਉਂਦਾ
ਜਿਉਂ ਆਉਂਦੀ ਗੱਲ ਮੱਤ ਦੀ
ਗੱਲ ਸਦਾ ਹੀ ਚੰਗੀ ਹੁੰਦੀ
ਜੋ ਮੌਕੇ ਉੱਤੇ ਫੱਬਦੀ।

ਰੀਸ ਬਜ਼ਾਰ ਨਾ ਕਰ ਸਕਦੇ ਨੇ
ਪਿੰਡ ਸ਼ਾਹੂਕਾਰ ਦੇ ਹੱਟ ਦੀ
ਖੇਤਾਂ ਵਿੱਚ ਹੈ ਟੌਰ ਨਿਆਰੀ
ਚੜ੍ਹੇ ਸੁਹਾਗੇ ਜੱਟ ਦੀ।

ਠੇਕੇ ਨਾਲੋਂ ਸਦਾ ਹੀ ਚੰਗੀ
ਦਾਰੂ ਘਰੇ ਬਣਾਏ ਮੱਟ ਦੀ
ਘਿਉ ਸਦਾ ਹੀ ਚੰਗਾ ਹੁੰਦਾ
ਸੌ ਦਾਰੂਆਂ ਤੋਂ ਘੱਟ ਨਹੀਂ।

ਤੋਰ ਪਛਾਣੇ ਚੰਗਾ ਬੰਦਾ
ਸਮਝੇ ਸੈਨਤ ਅੱਖ ਦੀ
ਸਦਾ ਹੀ ਮਿੱਤਰੋ ਮਾੜੀ ਹੁੰਦੀ
ਘਰ ਵਿੱਚ ਚੱਲਦੀ ਰੰਨ ਦੀ।

ਸਦਾ ਸਫ਼ਾਈ ਚੰਗੀ ਹੁੰਦੀ
ਕੀਤੀ ਆਪਣੇ ਤਨ ਦੀ
ਉਸ ਨਾਲੋਂ ਵੀ ਚੰਗੀ ਹੁੰਦੀ
ਕਰੀ ਸਫ਼ਾਈ ਮਨ ਦੀ।

ਮਾਣ ਅਤੇ ਸਤਿਕਾਰ ਬਖਸ਼ਦੀ
ਕੀਤੀ ਸੇਵਾ ਜਨ ਦੀ
ਰਿਸ਼ਤਿਆਂ ਅੰਦਰ ਮਾਣ ਵਧਾਉਂਦੀ
ਕੀਤੀ ਸੇਵਾ ਜੰਝ ਦੀ।

ਗੱਲ ਕਦੇ ਨਾ ਚੰਗੀ ਹੁੰਦੀ
ਕੀਤੀ ਤੱਤ ਭੜੱਤ ਦੀ
ਵੱਸ ਕਿਸੇ ਦਾ ਚੱਲਦਾ ਨਾਹੀ
ਦਿੱਤੀ ਸਜ਼ਾ ਜੋ ਜੱਜ ਦੀ।

ਕਹਿੰਦੇ ਨੇ ਕਲਾਕਾਰੀ ਚੰਗੀ
ਜੋ ਸਫ਼ਾਈ ਹੱਥ ਦੀ
ਨੱਥ ਨਾਲੋਂ ਗੱਲ ਚੰਗੀ ਹੁੰਦੀ
ਕਰੀਏ ਗੱਲ ਜੇ ਨੱਕ ਦੀ।

ਕਵਿਤਾ ਕਹਿੰਦੇ ਚੰਗੀ ਹੁੰਦੀ
ਗੱਲ ਕਰੇ ਜੋ ਰੱਬ ਦੀ
ਖੈਰ ਮਨੇਸਾ ਹੁੰਦੀ ਚੰਗੀ
ਮੰਗੀਏ ਜੇ ਸਰਬੱਤ ਦੀ।

ਦੁਨੀਆਂ ਦੇ ਕਹਿੰਦੇ ਭਵਜਲ ਅੰਦਰ
ਗੁਰੂ ਬਿਨਾਂ ਕੋਈ ਗਤ ਨਹੀਂ
ਜਿਉਂ ਕਿਸਾਨਾਂ ਦੀ ਤੁਸੀਂ ਕਹਿ ਲਉ
ਬਿਨ ਸ਼ਾਹਾਂ ਦੇ ਪੱਤ ਨਹੀਂ।

ਸ਼ਾਹ ਨਾ ਹੱਟੀ ਬਾਝੋਂ ਰਹਿੰਦੇ
ਤੇ ਬਿਨਾ ਜ਼ਮੀਨੋਂ ਜੱਟ ਬਈ
ਸ਼ਾਹ ਕਦੇ ਵੀ ਮੂਲ ਨਾ ਛੱਡਣ
ਜੱਟ ਨਾ ਛੱਡਦੇ ਵੱਟ ਬਈ।

ਲੱਤਾਂ ਦੇ ਭੂਤ ਮੰਨਦੇ ਗੱਲ ਨਾ
ਜਦ ਤਾਂਈ ਵੱਜਦੀ ਲੱਠ ਨਈਂ
ਘਰ ਦੇ ਭੇਤੀ ਬਾਝੋਂ ਹੁੰਦੀ
ਲੰਕਾ ਕਦੇ ਚਪੱਟ ਨਈ।

ਸੁਨਿਆਰੇ ਦੀਆਂ ਸੌਵਾਂ ਵਰਗੀ
ਇੱਕੋ ਲੋਹਾਰੀ ਸੱਟ ਬਈ
ਸੌ ਹੱਥ ਰੱਸਾ ਗੰਢ ਸਿਰੇ ਤੇ
ਜਿੱਤ ਹੁੰਦੀ ਸਦਾ ਸੱਚ ਦੀ।

ਘਰਦੀ ਮੁਰਗੀ ਦਾਲ ਬਰਾਬਰ
ਘਰਦਾ ਪਰਦਾ ਢੱਕਦੀ
ਘਰਦੀ ਕੱਢੀ ਦਾਰੂ ਬਾਝੋਂ
ਠੋਹਰ ਕਦੇ ਨਾ ਜੱਟਦੀ।

ਰੱਜਿਆ ਜੱਟ ਸੰਸਾਰ ਸੰਡਾ
ਕਰਦੇ ਗੱਲ ਕੁਪੱਤ ਦੀ
ਵਾਰਿਸ਼ ਸ਼ਾਹ ਆਦਤਾਂ ਜਾਣ ਨਾ
ਭਾਵੇਂ ਦਈਏ ਪੋਰੀਏ ਕੱਟ ਜੀ।

ਚਾਂਦੀ ਦੀ ਜੁੱਤੀ ਦੇ ਬਾਝੋਂ
ਨਾ ਹੋਣ ਦਫ਼ਤਰੀ ਕੰਮ ਬਈ
ਸਦਾ ਪਿਆਰਾ ਕੰਮ ਹੀ ਹੁੰਦਾ
ਹੁੰਦਾ ਨਹੀਂ ਹੈ ਚੰਮ ਜੀ।

ਵਿੱਚ ਮਸੀਤ ਨਹੀਂ ਸੋਂਹਵਦਾ
ਵੱਜਦਾ ਕਦੇ ਵੀ ਟੱਲ ਬਈ
ਲਾਲ ਕਦੇ ਨਹੀਂ ਸੋਭਦਾ
ਝੋਟੇ ਦੇ ਗਲ ਬੰਨ ਬਈ।

ਨਾਰਾਂ ਕਦੇ ਨਾ ਸੁੰਦਰ ਜਾਪਣ
ਬਿਨ ਕੋਕੇ ਮੁੰਦਰੀ ਵਾਲ਼ੀ ਵੰਗ ਬਈ
ਬੰਦਿਆਂ ਨੂੰ ਨਈਂ ਸੋਭਾ ਦੇਂਦਾ
ਬੁੱਲੀਂ ਮਲਿਆ ਸੱਕ ਬਈ।

ਦੇਸ਼ ਓਸਦਾ ਭਲਾ ਨਹੀਂ ਹੁੰਦਾ
ਬਣੇ ਪ੍ਰਧਾਨ ਜੇ ਗੁੰਡੀ ਰੰਨ ਬਈ
ਚੋਰ ਉਚੱਕਾ ਜੇ ਹੋਏ ਚੌਧਰੀ
ਨਾ ਗੱਲ ਦਾ ਨਿਕਲੇ ਹੱਲ ਬਈ।

ਜੋ ਤਕਦੀਰੇ ਲਿਖਿਆ ਹੁੰਦਾ
ਕਦੇ ਨਾ ਸਕਦਾ ਟਲ਼ ਬਈ
ਜੋ ਕੁੱਝ ਹੁੰਦਾ ਹੋਣ ਦਿਉ
ਟੇਕ ਰੱਬ ਤੇ ਰੱਖ ਬਈ।

ਮਿਹਨਤ ਬਾਝੋਂ ਮਿਲਦਾ ਨਾਹੀਂ
ਕਦੇ ਵੇਹਲੜਾਂ ਫ਼ਲ ਬਈ
ਵਿੱਚ ਅਖਾੜੇ ਓਹੀ ਨਿੱਤਰੇ
ਜੋ ਡੰਡ ਪੇਲਦਾ ਮੱਲ ਬਈ।

ਚਾਕਰੀ ਦੀ ਕੀ ਲੋੜ ਹੈ ਹੁੰਦੀ
ਜੋ ਡੂੰਘਾ ਵਾਹੇ ਹਲ਼ ਬਈ
ਦੁਨੀਆਂ ਉਹਨੂੰ ਟਿੱਚ ਜਾਣਦੀ
ਜੀਹਦੇ ਸਿਰ ਕਰਜ਼ੇ ਦੀ ਪੰਡ ਬਈ।

ਸਿੱਧਾ ਹੋ ਕੇ ਚੱਲ ਮਨੇਸਾ
ਝੱਲ ਨਾ ਹੁਣ ਪਖੰਡ ਬਈ
ਇੱਕ ਪਾਸੇ ਦਾ ਹੋ ਜਾ ਮਿੱਤਰਾ
ਜਾਂ ਇਹਦੇ ਜਾਂ ਉਹਦੇ ਵੱਲ ਬਈ।

## ਤ੍ਰੈ ਭੂਮੀਆਂ

ਜਨਮ ਕਰਮ ਤੇ ਰਣ ਭੂਮੀ ਨੂੰ
ਯੋਧੇ ਕਰਨ ਪਿਆਰ
ਆਣ ਮਾਣ ਤੇ ਸ਼ਾਨ ਲਈ
ਜੰਗਜੂ ਦੇਂਦੇ ਜ਼ਿੰਦਗੀ ਵਾਰ।

ਪੇਟ ਤਿੰਨਾਂ ਤੋਂ ਪਾਲਦੇ
ਤਨ ਮਨ ਦੇਂਦੇ ਵਾਰ
ਅਗਨ ਪ੍ਰੀਖਿਆ ਪਾਸ ਕਰ
ਸੂਰੇ ਗੁਲ ਭਰਨ ਗ਼ੁਲਜ਼ਾਰ।

ਬੁਜ਼ਦਿਲ ਤੇ ਕੰਮਚੋਰਾਂ ਦੇ
ਕੰਬਦੇ ਰਹਿਣ ਪ੍ਰਾਣ
ਏਹ ਭੂਮੀਆਂ ਵੇਚਦੇ
ਬਣਕੇ ਸਦਾ ਗੱਦਾਰ।

ਚਾਪਲੂਸੀ ਚਾਲ ਗੱਦਾਰੀ
ਏਹਨਾਂ ਦੇ ਹਥਿਆਰ
ਸਵਾਰਥ ਸਿੱਧੀ ਵਾਸਤੇ
ਕਰਦੇ ਹੱਦਾਂ ਪਾਰ।

ਇਹ ਹੁੰਦੇ ਬਹੁਤ ਮਕਾਰ ਨੇ
ਕਰਦੇ ਲੂੰਬੜ ਜਿਉਂ ਵਿਹਾਰ
ਇਹ ਕੰਡੇ ਰਹਿੰਦੇ ਬੀਜਦੇ
ਸਭ ਨੂੰ ਕਰਨ ਖੁਆਰ।

ਇਹ ਕਾਮਯਾਬ ਨਹੀਂ ਹੋਂਵਦੇ
ਲੈਂਦੀ ਅੱਖ ਜੋ ਤੇਜ਼ ਪਛਾਣ
ਨਾਪਾਕ ਇਹਨਾਂ ਦੇ ਇਸ਼ਟ ਨੂੰ
ਜਾਂਦੀ ਝੱਟ ਵਿੱਚ ਤਾੜ।

ਸਾਡਾ ਦਿਲ ਦੀ ਤਹਿ ਤੋਂ
ਤ੍ਰੈ ਭੂਮੀਆਂ ਨੂੰ ਪ੍ਰਣਾਮ
ਸਿਰ ਮੱਥੇ ਤੇ ਰੱਖੀਏ
ਬੱਸ ਇਹ ਸਾਡਾ ਸੰਸਾਰ।

ਕਲਮ ਅਸੀਂ ਹਾਂ ਪੂਜਦੇ
ਜਾਂ ਪੂਜੀਏ ਬਈ ਤਲਵਾਰ
ਸੰਤ ਸਿਪਾਹੀ ਦੋਹਾਂ ਦਾ
ਦਿਲ ਸਾਡੇ ਸਤਿਕਾਰ।

ਮਨੇਸ ਚੱਲੇ ਲੈ ਥਾਪੜਾ
ਜਦ ਹੁੰਦੀ ਪ੍ਰਭਾਤ
ਝੰਡਾ ਜਿੱਤ ਦਾ ਗੱਡਦਾ
ਕਦੇ ਨਾ ਖਾਂਦਾ ਮਾਤ।

## ਨੀਂ ਵਾਸ ਤੇਰਾ ਦੂਰ ਸੋਹਣੀਏ!

ਨੀਂ ਵਾਸ ਤੇਰਾ ਦੂਰ ਸੋਹਣੀਏ!
ਸਾਨੂੰ ਹਵਾ ਦਾ ਫ਼ਰਾਟਾ ਠੰਡਾ ਆਵੇ
ਦਰਦਾਂ ਦੇ ਬਾਣ ਛੱਡਦੀ
ਸਾਨੂੰ ਫ਼ੁੱਲਾਂ ਜੇਈ ਵਾਸ਼ਨਾ ਆਵੇ।
ਨੀਂ ਵਾਸ ਤੇਰਾ ਦੂਰ ਸੋਹਣੀਏ
ਸਾਨੂੰ ਹਵਾ ਦਾ ਫ਼ਰਾਟਾ ਠੰਡਾ ਆਵੇ।

ਪੱਲ੍ਹਾ ਸਦਾ ਅੱਡ ਕੇ ਹਾਂ
ਮੰਗਦੇ ਦੁਆਵਾਂ ਨੀਂ
ਅੱਲ੍ਹਾ ਰਹੇ ਅੰਗ ਸੰਗ ਦੂਰ ਬਲਾਵਾਂ ਨੀਂ।
ਲੱਗ ਨਜ਼ਰ ਕਾਲ਼ੀ ਨਾ ਜਾਵੇ
ਨੀਂ ਵਾਸ ਤੇਰਾ ਦੂਰ ਸੋਹਣੀਏ
ਸਾਨੂੰ ਹਵਾ ਦਾ ਫ਼ਰਾਟਾ ਠੰਡਾ ਆਵੇ।

ਸਾਡੀਏ ਨੀ ਬਿੱਲੋ ਰਹੇਂ
ਸ਼ਹਿਰ ਪਟਿਆਲੇ ਨੀਂ
ਜਿੱਥੋਂ ਦੇ ਮਸ਼ਹੂਰ ਬੜੇ ਰੇਸ਼ਮੀਂ ਨੇ ਨਾਲ਼ੇ ਨੀਂ।
ਖੰਭ ਯਾਦ ਨੀਂ ਬੈਠਕੇ ਲਾਵੇ।
ਨੀਂ ਵਾਸ ਤੇਰਾ ਦੂਰ ਸੋਹਣੀਏ
ਸਾਨੂੰ ਹਵਾ ਦਾ ਫ਼ਰਾਟਾ ਠੰਡਾ ਆਵੇ।

ਮਨੇਸ ਕਰ ਯਾਦ ਤੈਨੂੰ
ਹੁੰਦਾ ਏ ਉਦਾਸ ਨੀਂ
ਤੂੰ ਵੀ ਯਾਦ ਕਰਦੀ ਏਂ ਕਰਾਂ ਮੈਂ ਵੀ ਯਾਦ ਨੀਂ!
ਕਾਨ੍ਹੀ ਸਾਡੀ ਪਈ ਕੀਰਨੇ ਪਾਵੇ।
ਨੀਂ ਵਾਸ ਤੇਰਾ ਦੂਰ ਸੋਹਣੀਏ
ਸਾਨੂੰ ਹਵਾ ਦਾ ਫ਼ਰਾਟਾ ਠੰਡਾ ਆਵੇ।

ਨੀਂ ਵਾਸ ਤੇਰਾ ਦੂਰ ਸੋਹਣੀਏ !
ਸਾਨੂੰ ਹਵਾ ਦਾ ਫ਼ਰਾਟਾ ਠੰਡਾ ਆਵੇ
ਦਰਦਾਂ ਦੇ ਬਾਣ ਛੱਡਦੀ
ਸਾਨੂੰ ਫ਼ੁੱਲਾਂ ਜੇਈ ਵਾਸ਼ਨਾ ਆਵੇ।
ਨੀਂ ਵਾਸ ਤੇਰਾ ਦੂਰ ਸੋਹਣੀਏ
ਸਾਨੂੰ ਹਵਾ ਦਾ ਫ਼ਰਾਟਾ ਠੰਡਾ ਆਵੇ।

## ਕਵਿਤਾ ਦੀਏ ਕੜੀਏ!

ਸੋਹਣੀ ਯਾਦ ਨੀ ਬਣਾਵਾਂ
ਸਿਰ ਤਾਜ ਨੀਂ ਪਹਿਨਾਵਾਂ
ਹੋਵੇ ਤਾਜ ਤੋਂ ਵੀ ਤਾਜ਼ੀ
ਏਹਦੀ ਦਿੱਖ ਨੀ! ਕਵਿਤਾ ਦੀਏ ਕੜੀਏ!
ਤਾਜ ਮੈਂ ਬਣਾਵਾਂ ਸੋਹਣਾ ਇੱਕ ਨੀਂ।
ਕਵਿਤਾ ਦੀਏ ਕੜੀਏ।

ਵਿੱਚ ਹੀਰੇ ਨੀ ਮੈਂ ਲਾਵਾਂ
ਸੁਨਿਆਰੇ ਨੀਂ ਬੁਲਾਵਾਂ
ਲਾਵਾਂ ਸੋਨੇ ਦੀ ਮੈਂ ਹਰ ਇੱਕ ਇੱਟ ਨੀਂ!
ਕਵਿਤਾ ਦੀ ਕੜੀਏ!
ਤਾਜ ਮੈਂ ਬਣਾਵਾਂ ਸੋਹਣਾ ਇੱਕ ਨੀਂ।
ਕਵਿਤਾ ਦੀਏ ਕੜੀਏ।

ਭੁੱਲ ਤਾਜ ਨੂੰ ਨੀਂ ਜਾਣ
ਲੋਕ ਦਿਲੀਂ ਕਰੇ ਰਾਜ
ਸ਼ਾਹਜਹਾਨ ਦੀ ਵੀ ਸਾੜ ਦੇ ਜੋ ਹਿੱਕ ਨੀਂ!
ਕਵਿਤਾ ਦੀ ਕੜੀਏ!
ਤਾਜ ਮੈਂ ਬਣਾਵਾਂ ਸੋਹਣਾ ਇੱਕ ਨੀਂ।
ਕਵਿਤਾ ਦੀਏ ਕੜੀਏ।

ਜੀਂਦੇ ਜੀ ਮੈਂ ਬਣਾਵਾਂ
ਨੀਂਹ ਕਵੀ ਤੋਂ ਰਖਾਵਾਂ
ਪੱਥਰ ਲਾ ਦਿਆਂ ਸਫ਼ੈਦ ਵਿੱਚ ਇੱਕ ਨੀਂ!
ਕਵਿਤਾ ਦੀ ਕੜੀਏ!
ਤਾਜ ਮੈਂ ਬਣਾਵਾਂ ਸੋਹਣਾ ਇੱਕ ਨੀਂ।
ਕਵਿਤਾ ਦੀਏ ਕੜੀਏ।

ਤੇਰੇ ਸ਼ਬਦ ਸੁਨਿਹਰੀ
ਗੱਲ ਕੀਤੀ ਬੜੀ ਗਹਿਰੀ
ਕੀਤੇ ਥਾਓਂ ਥਾਂਈਂ ਮਨੇਸ ਨੇ ਫਿੱਟ ਨੀਂ!
ਕਵਿਤਾ ਦੀ ਕੜੀਏ!
ਤਾਜ ਮੈਂ ਬਣਾਵਾਂ ਸੋਹਣਾ ਇੱਕ ਨੀਂ।
ਕਵਿਤਾ ਦੀਏ ਕੜੀਏ।

ਸਾਰੀ ਦੁਨੀਆਂ ਮੈਂ ਗਾਹਵਾਂ
ਲੱਭਾਂ ਸੋਹਣੀਆਂ ਮੈਂ ਥਾਵਾਂ
ਸੋਨ ਨਦੀ ਦੇ ਬਣਾ ਦਿਆਂ ਮੈਂ ਵਿੱਚ ਨੀਂ!
ਕਵਿਤਾ ਦੀ ਕੜੀਏ!
ਤਾਜ ਮੈਂ ਬਣਾਵਾਂ ਸੋਹਣਾ ਇੱਕ ਨੀਂ।
ਕਵਿਤਾ ਦੀਏ ਕੜੀਏ।

ਸੋਹਣੇ ਹੋਣ ਨੀ ਮੈਦਾਨ
ਜਿਵੇਂ ਚੰਬੇ ਦਾ ਚੌਗਾਨ
ਰਾਤ ਚਾਨਣੀ 'ਚ ਕਰੇ ਲਿਟ ਲਿਟ ਨੀਂ!
ਕਵਿਤਾ ਦੀ ਕੜੀਏ!
ਤਾਜ ਮੈਂ ਬਣਾਵਾਂ ਸੋਹਣਾ ਇੱਕ ਨੀਂ।
ਕਵਿਤਾ ਦੀਏ ਕੜੀਏ।

ਸੋਹਣੀ ਯਾਦ ਨੀ ਬਣਾਵਾਂ
ਸਿਰ ਤਾਜ ਨੀਂ ਪਹਿਨਾਵਾਂ
ਹੋਵੇ ਤਾਜ ਤੋਂ ਵੀ ਤਾਜ਼ੀ ਏਹਦੀ ਦਿੱਖ ਨੀ!
ਕਵਿਤਾ ਦੀਏ ਕੜੀਏ!
ਤਾਜ ਮੈਂ ਬਣਾਵਾਂ ਸੋਹਣਾ ਇੱਕ ਨੀਂ।
ਕਵਿਤਾ ਦੀਏ ਕੜੀਏ।

# ਹੋ......

ਉੱਠ ਸਵੇਰੇ ਤਿੰਨ ਵਜੇ
ਕਾਰਜੋਂ ਵਿਹਲਾ ਹੋ
ਨਾ ਉੱਪਰ ਲੈ ਜੁੱਲ ਨੂੰ
ਲੰਮੀ ਤਾਣ ਕੇ ਸੌਂ।

ਅੰਦਰੋਂ ਕਚਰਾ ਸਾਫ਼ ਕਰ
ਉੱਠ ਤੂੰ ਨਿਰਮਲ ਹੋ
ਅੰਮ੍ਰਿਤ ਵੇਲੇ ਅੰਮ੍ਰਿਤ ਵਰਸੇ
ਬਹਿ ਤੂੰ ਉਹਦਾ ਹੋ।

ਤੂੰ ਰਾਹੋਂ ਕਿਉਂ ਭਟਕਿਆ
ਕਿੱਧਰ ਮਨੀ ਰਾਮ ਰਿਹਾ ਭੌਂ
ਚਿਹਰੇ ਲਿਆ ਖਾਂ ਰੌਣਾਂ ਨੂੰ
ਨਾ ਤੂੰ ਬੈਠਾ ਰੋ।

ਬੰਧਨਾਂ ਅੰਦਰ ਫਿਰਦਾ ਬੱਝਿਆ
ਤੇਰੇ ਜੌ ਭਨਾਉਂਦੇ ਗੌਂ
ਅੰਗ ਅੰਗਿਆਰੇ ਜੋੜ ਲੈ
ਤੇਰੀ ਲਾਲ ਬਣੂਗੀ ਰੌਂ।

ਕਿਉਂ ਫਿਰੇ ਹਨੇਰਾ ਛਾਣਦਾ
ਲੈ ਚਾਨਣ ਗੁਰੂਆਂ ਤੋਂ
ਵੇਖ ਕਿੱਦਾਂ ਅੰਮ੍ਰਿਤ ਟਪਕਦਾ
ਆਬੇ ਹਯਾਤ ਰਿਹਾ ਏ ਚੋ।

ਕੂੜ ਚੁਫ਼ੇਰੇ ਛਾ ਗਿਆ
ਕਿਸਮਤ ਗਈ ਬੰਦੇ ਦੀ ਸੌਂ
ਨਾਮ ਧਿਆਨ ਨੇ ਛੱਡਣੇ
ਪਾਪ ਸਾਰੇ ਤੇਰੇ ਧੋ।

ਡਾਕੂ ਚੋਰ ਲੁਟੇਰੇ ਫਿਰਦੇ
ਕਰਦੇ ਹੋ ਹੋ
ਖਾਂਦੇ ਫਿਰਦੇ ਲਾਹਣਤਾਂ
ਲੋਕੀਂ ਕਰਦੇ ਤੋ ਤੋ।

ਨਰਮ ਮੋਮ ਜਿਹਾ ਬਣੇਗਾ
ਪੁਰਸ਼ ਬਣੇਗਾ ਲੋਹ
ਜਦ ਦਾਤੇ ਦਾ ਬਣ ਗਿਆ
ਪਾ ਲਈ ਅੰਦਰੋਂ ਟੋਹ।

ਔਸ਼ਧ ਗੁਰ ਕਾ ਨਾਮ ਹੈ
ਦੇਂਦਾ ਮੈਲ ਮਨੇ ਦੀ ਧੋ
ਜੇ ਸ਼ੰਕਾ ਤੇਰੇ ਮਨ ਵਸੇ
ਲਏ ਵੇਖ ਤੂੰ ਉਹਦਾ ਹੋ।

ਤਨਮਨ ਹਲਕਾ ਹੋਵਦਾ
ਨੱਚ ਉੱਠਦਾ ਪੁਲਕਿਤ ਹੋ
ਵਾ ਤੱਤੀ ਨਾ ਲੱਗਦੀ
ਲੜ ਜਾ ਫੜਦਾ ਜੋ।

ਤਨ ਮਨ ਮਿੱਠੜਾ ਹੋਂਵਦਾ
ਜਾਏ ਮੂੰਹ ਮਖ਼ੀਰ ਕੋਈ ਚੋ
ਪੀ ਖ਼ੁਮਾਰੀ ਨਾਮ ਦੀ
ਜਾਏ ਮਸਤਾਨਾ ਹੋ।

ਡਰ ਭੈ ਨੇੜੇ ਨਾ ਲੱਗਦਾ
ਜਾਂਦਾ ਸੱਚ ਦਾ ਚਾਨਣ ਹੋ
ਮੁਖ਼ਾਰ ਨੂਰ ਆ ਟਪਕਦਾ
ਮਘਦੀ ਆਣ ਦਿਲੇ ਵਿੱਚ ਲੋ।

ਨਾ ਵੈਰੀ ਕੋਈ ਜਾਪਦਾ
ਸਾਰਾ ਜਗ ਜਾਏ ਸੱਜਣ ਹੋ
ਸਰਿਤਾ ਸਿੰਮਦੀ ਪਿਆਰ ਦੀ
ਜਾਂਦਾ ਨਰਮ ਮੋਮ ਜਿਉਂ ਹੋ।

ਆ ਵੱਸੇ ਪ੍ਰਾਣੀਂ ਤਾਜ਼ਗੀ
ਤੇ ਵਿੱਚ ਸਾਰੀ ਖ਼ੁਸ਼ਬੋ
ਜੋ ਲਾਏ ਪ੍ਰੀਤੀ ਨਾਲ ਉਸ
ਰਾਜ਼ ਸਕੇ ਜਾਣ ਹੀ ਸੋ।

ਡੂੰਘੀ ਕਰਮ ਭੂਮੀ ਤੂੰ ਵਾਹ ਲੈ
ਵਿੱਚ ਬੀਜ਼ ਚੰਗੇਰੇ ਬੋ
ਪੰਜ ਤੱਤਾਂ ਦੇ ਤਤੜਿਆ
ਪੰਜ ਤੱਤੀਂ ਮਿਲਣਾ ਭੋਂ।

## ਯਾਦਾਂ ਦੀ ਉਡਾਰੀ

ਬਚਪਨ ਦੀਆਂ ਮਿੱਠੀਆਂ ਯਾਦਾਂ
ਵਾਂਗ ਪਰਿੰਦੇ ਆ ਗਈਆਂ
ਗਲੀਆਂ ਅਤੇ ਉਡੀਕਣ ਜੂਹਾਂ
ਸ਼ਿਕਵਾ ਗਿਲਾ ਸੁਣਾ ਗਈਆਂ।

ਚਿੱਟੀ ਧੂੜ ਚੋਣਿਆਂ ਵਾਲੀ
ਵਿੱਚ ਜਟੂਰੀਆਂ ਪਾ ਗਈਆਂ
ਵਾਵਰੋਲ਼ੇ ਉੱਠ ਗਏ ਉੱਚੇ
ਘੁੰਮਣਘੇਰੀ ਪਾ ਗਈਆਂ।

ਪੈਰੀ ਚੁੱਬੀਆਂ ਸੂਲਾਂ ਦੇ
ਸੁੱਤੇ ਜ਼ਖਮ ਜਗਾ ਗਈਆਂ
ਪੋਹਲੀ ਭੱਖੜੇ ਅਤੇ ਜਵਾਂਹੇਂ ਦਾ
ਹਾਰ ਪਰੋ ਕੇ ਪਾ ਗਈਆਂ।

ਖੱਬਲਾਂ ਅਤੇ ਸਵਾਂਕਾਂ ਅੰਦਰ
ਮੱਝਾਂ ਨੂੰ ਚਰਵਾ ਗਈਆਂ
ਹਾੜ ਮਹੀਨੇ ਤਿੱਖੜ ਦੁਪਿਹਰੇ
ਗਲ ਨੂੰ ਜੀਭ ਲਗਾ ਗਈਆਂ।

ਪਿੰਡ ਦੇ ਕੱਚੇ ਰਾਹਾਂ ਅੰਦਰ
ਖਿੱਦੋ ਖੂੰਡੀ ਸੀ ਖਿਡਵਾ ਗਈਆਂ
ਪੀਲ ਪਲਾਂਗਣ ਵਣਾਂ ਦੇ ਉੱਤੇ
ਡੰਡਾ ਡੁੱਕ ਕਰਾ ਗਈਆਂ।

ਬਲਦਾਂ ਅੱਖੀਂ ਖੋਪੇ ਬੰਨਕੇ
ਗਾਧੀ ਉਤੇ ਬੈਠਾ ਗਈਆਂ
ਬੈੜ ਦੇ ਉੱਤੇ ਮਾਹਲ ਚਲਾ ਕੇ
ਟਿੰਡਾ ਨੂੰ ਟਣਕਾ ਗਈਆਂ।

ਯਾਦ ਘਲਾੜੀ ਪਿੰਡ ਦੀ ਆਈ
ਤੱਤਾ ਗੁੜ ਖੁਆ ਗਈਆਂ
ਹੱਥ ਫੜਾ ਕੇ ਕਾਲਾ ਕੁੱਡਣ
ਪੱਛੀ ਲੂੰਬੇ ਪਾ ਗਈਆਂ।

ਖੂਹ ਦੇ ਨਾਲ ਪੁਰਾਣੇ ਪਿੱਪਲ
ਪੀਘਾਂ ਉੱਤੇ ਪੁਆ ਗਈਆਂ
ਪਾਸੇ ਹੋ ਜਾਉ ਮੁੰਡਿਉ ਵੇ!
ਹੁਣ ਕੁੜੀਆਂ ਚਿੜੀਆਂ ਆ ਗਈਆਂ।

ਗੱਡਿਆਂ ਉੱਤੇ ਲਾਗਾਂ ਲੱਦਿਆ
ਖਿੱਚ ਕੇ ਲੱਜ ਪੁਆ ਗਈਆਂ
ਧੜੱਮ ਸ਼ਮਾਰਾ ਉੱਤੋਂ ਡਿੱਗਿਆ
ਮੰਜੇ ਉੱਤੇ ਪਾ ਗਈਆਂ।

ਕਸੀਏ ਨਾਲ ਕਪਾਹ ਗੁਡਾ ਕੇ
ਰੰਬਾ ਮਿਰਚਾਂ ਵਿੱਚ ਫਰਾ ਗਈਆਂ
ਦਾਤਰੀ ਹੱਥ ਫੜਾ ਕੇ ਸਾਡੇ
ਲੂਸਣ ਨੂੰ ਵਢਵਾ ਗਈਆਂ।

ਅੱਜ ਦਿਆਲੀ ਛੀਨੇਂ ਕੋਲੋਂ
ਮੱਝ ਚਾਚੇ ਦੀ ਚੁੰਘਵਾ ਗਈਆਂ
ਚਾਚੇ ਸੀ ਦਰਬਾਰੇ ਕੋਲੋਂ
ਜੁੱਤੀਆਂ ਖ਼ੂਬ ਪਵਾ ਗਈਆਂ।

ਮੱਝਾਂ ਛੱਡੀਆਂ ਜਦ ਕਿੱਲੇ ਤੋਂ
ਸਰਪੱਟ ਦੌੜ ਲਗਾ ਗਈਆਂ
ਚਰ੍ਹੀ ਮੁੱਛ ਲਈ ਗੰਧੀਆਂ ਦੀ
ਲਾਂਭਾ ਘਰੇ ਦੁਆ ਗਈਆਂ।

ਚੜਕੇ ਆਈ ਲਾਲ ਹਨੇਰੀ
ਘਣਘੋਰ ਘਟਾਵਾਂ ਛਾ ਗਈਆਂ
ਪਲਾਂ ਛਿਨਾਂ ਦੇ ਅੰਦਰ ਹੀ
ਮੀਂਹ ਮੋਹਲਿਆਂ ਵਰਗਾ ਪਾ ਗਈਆਂ।

ਛੁੱਟੀ ਹੋਈ ਸਕੂਲੋਂ ਸੀ ਜਦ
ਫੱਟੀਆਂ ਛੱਪੜ ਤਾਰੀ ਲਾ ਗਈਆਂ
ਪਾ ਪੂਰਨੇ ਉੱਤੇ ਸੋਹਣੇ
ਸਾਥੋਂ ਸੀ ਲਿਖਵਾ ਗਈਆਂ।

ਚਿੜੀਮਾਰ ਭਾਈਆਂ ਦਾ ਲੱਛੂ
ਹੱਥ ਗੁਲੇਲ ਫੜਾ ਗਈਆਂ
ਬਾਂਟਿਆਂ ਵਿੱਚ ਪ੍ਰਮਾਰ ਤਲੋਕੀ
ਸਾਥੋਂ ਸੀ ਹਰਵਾ ਗਈਆਂ।

ਪੰਜ ਜਮਾਤਾਂ ਪਾਸ ਕਰਾ ਕੇ
ਰਾਹ ਬੰਗਾਂ ਦੇ ਪਾ ਗਈਆਂ
ਸੜਦੀਆਂ ਸੜਕਾਂ ਸਾੜੀਆਂ ਨਾਸਾਂ
ਬੱਸ ਪਟਿਆਲੇ ਵਾਲੀ ਬਹਾ ਗਈਆਂ।

ਤ੍ਰਿਕਾਲਾਂ ਹੋਈਆਂ ਭੁੱਖ ਜਾਗ ਪਈ
ਮੱਕੀ ਛੋਲੇ ਯਾਦ ਕਰਾ ਗਈਆਂ
ਵੀਰਭਾਨ ਦੀ ਭੱਠੀ ਉਤੋਂ
ਦਾਣੇ ਭੁੰਨ ਖੁਆ ਗਈਆਂ।

ਗੁੱਲੀ ਡੰਡਾ ਯਾਦ ਆ ਗਿਆ
ਰਾਬ ਉਹੋ ਪਟਵਾ ਗਈਆਂ
ਮਿਸਤਰੀ ਸੀ ਉਹ ਗੱਜਣ ਕੋਲੋਂ
ਗੁੱਲੀ ਨੂੰ ਘੜਵਾ ਗਈਆਂ।

ਫੇਰੀ ਵਾਲੇ ਹੋਕਾ ਦਿੱਤਾ
ਕੁਲਫ਼ੀ ਯਾਦ ਕਰਾ ਗਈਆਂ
ਝੋਲੀ ਭਰ ਦਾਣੇ ਲੈ ਚੱਲੇ
ਮਾਂ ਦੀ ਚਾਟ ਪਵਾ ਗਈਆਂ।

ਪਿੜੀ ਤਾਰੇ ਨੂੰ ਜੀ ਕਰ ਆਇਆ
ਲੱਲ੍ਹੇ ਲੂਣ ਖਿਡਾ ਗਈਆਂ
ਵਾਰੀ ਆ ਗਈ ਸਿਰ ਸਾਡੇ ਤੇ
ਸਾਡੀ ਦਾਲ ਕਢਾ ਗਈਆਂ।

ਪੈਲੀ ਵਿੱਚ ਪਿਆਰੂ ਦੀ
ਸੀ ਕੌਡੀ ਨੂੰ ਖਿਡਵਾ ਗਈਆਂ
ਟੀਟੂ ਕੋਲੋਂ ਲੱਤ ਮੱਦਰ ਦੀ
ਕੈਂਚੀ ਮਾਰ ਤੁੜਾ ਗਈਆਂ।

ਵਾਰੀ ਦਾ ਸਾਨੂੰ ਤਾਪ ਚੜ ਗਿਆ
ਵੱਗ ਹੇਰੀਏ ਅੱਗੇ ਲਾ ਗਈਆਂ
ਹੱਡਾਂ ਨੂੰ ਕੜਕਾ ਕੇ ਤੁਰੀਆਂ
ਸਾਨੂੰ ਮੰਜੇ ਲੰਮਾ ਪਾ ਗਈਆਂ।

ਪਿੜਾਂ ਦੇ ਅੰਦਰ ਗਾਹਾਂ ਉੱਤੇ
ਛਾਪੇ ਤੇ ਚੜਵਾ ਗਈਆਂ
ਦੋਸਾਂਗ ਤਰੰਗਲੀ ਲਾਗਾਂ ਪੁੱਟਣ
ਬੋਹਲ ਸਾਧੂ ਤੋਂ ਤੁਲਵਾ ਗਈਆਂ।

ਸ਼ਾਮ ਸਵੇਰੇ ਬੋਹਲ ਉਠਾਉਣੇ
ਰਿੜੀਆਂ ਝੋਲੀ ਪਾ ਗਈਆਂ
ਸਾਧੂ ਕਿਸ਼ਨੇ ਬੌਲ੍ਹੀ ਦੀਆਂ
ਹੱਟੀਆਂ ਖੋਲ ਵਿਖਾ ਗਈਆਂ।

ਚੰਨ ਚਾਨਣੀ ਦੇ ਅੰਦਰ ਉਹ
ਮੀਟੀ ਲੁਕਣ ਖਿਡਾ ਗਈਆਂ
ਵਿੱਚ ਪਿੜਾਂ ਦੇ ਕੁਟਲਾਂ ਅੰਦਰ
ਸਾਨੂੰ ਸੀ ਲੁਕਵਾ ਗਈਆਂ।

ਰੋਟੀ ਖਾ ਕੇ ਗਲੀ ਦੇ ਅੰਦਰ
ਧੂਣੀ ਬਾਲ ਬੈਠਾ ਗਈਆਂ
ਹਰਸਾ ਸਿੰਘ ਦੇ ਕੈਲੇ ਦੀਆਂ
ਗੱਲਾਂ ਗੂੜ੍ਹ ਸੁਣਾ ਗਈਆਂ।

ਪਿੰਡ ਦੇ ਅੰਦਰ ਜੰਞ ਸੀ ਆਈ
ਸਕੂਲੇ ਛੁੱਟੀ ਕਰਾ ਗਈਆਂ
ਮੰਜੀਆਂ ਜੋੜ ਸਪੀਕਰ ਲਾਇਆ
ਸੂਈਆਂ ਸੀ ਚੁਗਵਾ ਗਈਆਂ।

ਟਿੱਬੇ ਕਿਧਰੇ ਨਜ਼ਰ ਨਾ ਆਏ
ਢਿੱਡ ਸ਼ਹਿਰਾਂ ਦੇ ਪਾ ਗਈਆਂ
ਕੱਲ੍ਹਰ ਰੱਕੜ ਗਏ ਸਮੇਟੇ
ਫਸਲਾਂ ਝੂਮ ਵਿਖਾ ਗਈਆਂ।

ਪਿੰਡ ਮੇਰੇ ਦੇ ਮੋਹ ਦੀਆਂ ਤੰਦਾਂ
ਤਾਰਾਂ ਬਣਕੇ ਆ ਗਈਆਂ
ਦੂਰ ਦੁਰੇਡੇ ਬੈਠੇ ਹੋਏ ਨੂੰ
ਝੱਟ ਵਿਚ ਜਾਮ ਪਲਾ ਗਈਆਂ।

ਪਿੰਡ ਦੇ ਵਿੱਚ ਕ੍ਰਾਂਤੀ ਆਈ
ਗੱਲਾਂ ਵੀਰੇ ਦੀਆਂ ਸੁਣਾ ਗਈਆਂ
ਕਥਾ ਕਹਾਣੀ ਸਾਰੀ ਕਹਿ ਕੇ
ਚਾਲੇ ਪਿੰਡ ਨੂੰ ਪਾ ਗਈਆਂ।

ਬੈਠੇ ਬੈਠੇ ਯਾਦਾਂ ਉੱਡੀਆਂ
ਜੂਹਾਂ ਪਿੰਡ ਦੀਆਂ ਯਾਦ ਕਰਾ ਗਈਆਂ
ਅੱਜ ਪੋਤੂਸ਼ਾਹੀ ਲੋਲਾਬ ਆਣਕੇ
ਕੱਲ੍ਹ ਦਾ ਗੀਤ ਸੁਣਾ ਗਈਆਂ।

## ਝਰਨਾ

ਵਾਹ ਝਰਨਿਆਂ ਸੋਹਣਿਆਂ!
ਤੇਰੀ ਕਿੰਨੀ ਠਾਠ ਪਿਆਰੀ
ਮਨ ਨਾ ਰੱਜਦਾ ਵੇਖਕੇ
ਤੇਰੀ ਠੁੱਕ ਨਿਆਰੀ।

ਜਨਮ ਤੇਰਾ ਤਾ ਹੁੰਦਾ ਏ
ਵਿੱਚ ਜੰਗਲਾਂ ਅਤੇ ਪਹਾੜੀਂ
ਜਦ ਚੋਟੀ ਤੇ ਮੀਂਹ ਪੈਂਦਾ ਏ
ਜਾਂ ਬਰਫ਼ਬਾਰੀ ਹੋਏ ਭਾਰੀ।

ਛਣਛਣ ਪਾਣੀ ਥੱਲੇ ਆਵੇ
ਚੱਲਦਾ ਵਿੱਚ ਦਰਾੜੀਂ
ਪੈਰ ਪਹਾੜੀ ਦਰਸ਼ਨ ਦੇਂਦਾ
ਕੱਢਦਾ ਸ਼ੂਕ ਨਿਆਰੀ।

ਕਲਕਲ ਕਰਕੇ ਚੱਲਦਾ ਜਾਵੇ
ਝਰਝਰ ਝਰਦਾ ਪਾਣੀ
ਆ ਤੇਰੇ ਤੋਂ ਅੰਮ੍ਰਿਤ ਪੀਂਦੇ
ਤੱਸੇ ਹੋਏ ਪ੍ਰਾਣੀ।

ਮੇਲੇ ਤੇਰੇ ਦਰ ਤੇ ਲੱਗਣ
ਆਵਣ ਨਰ ਤੇ ਨਾਰੀ
ਦਿਨੇ ਰਾਤ ਤੂੰ ਵੰਡੇ ਰਹਿਮਤਾਂ
ਬਣ ਵੱਡਾ ਉਪਕਾਰੀ।

ਸਾਫ਼ ਸਫ਼ਾਫ਼ ਰੂਹ ਦਾ ਮਾਲਕ
ਤੇ ਮਿੱਠੀ ਤੇਰੀ ਬਾਣੀ
ਤੂੰ ਨਿਰੰਤਰ ਵਹਿਣੇ ਰਹਿੰਦਾ
ਕੋਈ ਪਾਂਧੀ ਨਾ ਸਾਨੀ।

ਕਸਕ ਤੇਰੇ ਦਿਲ ਅੰਦਰ ਚੱਲਦੀ
ਜਾ ਮਹਿਬੂਬ ਨੂੰ ਜੱਫ਼ੀ ਪਾਣੀ
ਰਸਕ ਥੱਕੇ ਹੋਏ ਰਾਹੀ ਕਰਦੇ
ਵੇਖਕੇ ਗਾਉਂਦੀ ਗੀਤ ਰਵਾਨੀ।

ਰੂਹ ਤੇਰੀ ਏ ਕੁੰਗੂ ਵਰਗੀ
ਚਮਕ ਚਿੱਟੀ ਦਮਦਾਰੀ
ਅੱਲ੍ਹਾ ਪਾਕ ਦੀ ਰਹਿਮਤ ਤੂੰ
ਤੇਰੀ ਪਾਕ ਕਹਾਣੀ।

ਤੇਰੇ ਤੋਂ ਲੈ ਚੱਲਣ ਸੇਧਾਂ
ਥੱਕੇ ਹੋਏ ਪ੍ਰਾਣੀ
ਤਾਂਘ ਦਿਲੇ ਦੇ ਅੰਦਰ ਰੱਖੋ
ਜੇ ਪਾਉਣਾ ਮੰਜ਼ਿਲਾਂ ਤਾਣੀ।

ਗੁਣਗਾਨ ਤੇਰਾ ਦੁਨੀਆਂ ਕਰਦੀ
ਕਰਦੇ ਕਵੀ ਲਿਖਾਰੀ
ਪੈਰ ਸਫਲਤਾ ਉਸਦੇ ਚੁੰਮਦੀ
ਜਿਨ ਤੇਰੀ ਬਾਤ ਵਿਚਾਰੀ।

ਚੱਲਦਾ ਜਾਵੇਂ ਚੱਲਦਾ ਜਾਵੇਂ
ਜਾਏ ਸੈਨਤਾਂ ਮਾਰੀ
ਆ ਜੋ ਜਿੰਨੇ ਜਾ ਕੇ ਲਾਣੀ
ਨਾਲ ਮਹਿਬੂਬਾ ਯਾਰੀ।

ਵੇਖ ਰਵਾਨੀ ਤੇਰੀ ਨੂੰ
ਕਲਮ ਚੱਲੀ ਰਫਤਾਰੀਂ
ਪੋਤੂਸ਼ਾਹੀ ਲੋਲਾਬ 'ਚ ਲਿਖਤੀ
ਕਾਵਿਕ ਤੇਰੀ ਕਹਾਣੀ।

## ਘਾਹ ਰੁੱਖ ਤੇ ਮਨੁੱਖ

ਇੱਕ ਦਿਨ ਗੱਲਾਂ ਕੀਤੀਆਂ
ਘਾਹ ਤੇ ਦੂਜੇ ਰੁੱਖ
ਥੱਲੇ ਬੈਠਾ ਰੁੱਖ ਦੇ
ਸੁਣਦਾ ਗਿਆ ਮਨੁੱਖ।

ਰੁੱਖ ਨੇ ਪੁੱਛਿਆ ਘਾਹ ਨੂੰ
ਤੂੰ ਕਿੱਦਾਂ ਰਹਿੰਦਾ ਖੁਸ਼
ਆਏ ਹਨੇਰੀ ਜ਼ੋਰ ਦੀ
ਮੈਂ ਕਿਉਂ ਜਾਂਦਾ ਟੁੱਟ।

ਆਏ ਜਦੋਂ ਤੂਫਾਨ ਕੋਈ
ਮੈਂ ਜਾਂਦਾ ਹਾ ਝੁਕ
ਤੂੰ ਖੜ੍ਹਦਾ ਸੀਨਾ ਤਾਣਕੇ
ਤਾਹੀਂ ਝਾਗਦਾ ਦੁੱਖ।

ਮੈਨੂੰ ਪੈਰ ਲਤਾੜਦੇ
ਫਿਰ ਵੀ ਦੇਵਾਂ ਸੁੱਖ
ਪਸ਼ੂ ਨੇ ਚਰਦੇ ਆਣਕੇ
ਕਰਾਂ ਦੂਰ ਮੈਂ ਭੁੱਖ।

ਔਹ ਵੇਖ! ਫ਼ਲੇ ਹੋਏ ਰੁੱਖ ਨੂੰ
ਕਿੱਦਾਂ ਗਿਆ ਏ ਝੁਕ
ਦੁਨੀਆਂ ਦਾ ਦਸਤੂਰ ਏ
ਫਿਰ ਵੀ ਪੱਥਰ ਮਾਰੇ ਚੁੱਕ।

ਆਹ ਥੱਲੇ ਆਣ ਜੋ ਬੈਠਿਆ
ਸਤਿਆ ਹੋਇਆ ਮਨੁੱਖ
ਏਹਨੂੰ ਵੀ ਮੈਂ ਮਾਰਦੀ
ਘਣੇ ਝਾਗਦਾ ਦੁੱਖ।

ਔਹ ਵੇਖ! ਕਿੱਦਾਂ ਪਏ ਝੂਮਦੇ
ਛੋਟੇ ਛੋਟੇ ਫ਼ੁੱਲ
ਏਹ ਨੀਵੇਂ ਹੋ ਕੇ ਪੱਲਰਦੇ
ਮੁਸ਼ਕਾਨ ਏਹਨਾਂ ਦੇ ਮੁੱਖ।

ਝੁਕ ਕੇ ਚੱਲੀਏ ਰਹੀਏ ਸੁਖਾਲੇ
ਕਦੇ ਨਾ ਪਾਈਏ ਦੁੱਖ
ਮੈਂ ਸਦਾ ਹੀ ਮਾਰਦੀ
ਜੀਵ ਜਾਂਵਦਾ ਟੁੱਟ।

ਹਲਕਾ ਪਲੜਾ ਸਦਾ ਹੀ
ਉੱਪਰ ਜਾਂਦਾ ਉੱਠ
ਭਾਰਾ ਪੱਲੜਾ ਸਦਾ ਹੀ
ਥੱਲੇ ਜਾਂਦਾ ਝੁਕ।

ਝੁਕਣਾ ਕੋਈ ਐਬ ਨਹੀਂ
ਏਹੇ ਗੁਣ ਸਰਵੁੱਚ
ਮੈਂ ਮਨੇਸਾ ਮਾਰ ਲੈ
ਜੇ ਚਾਹੇਂ ਮਾਣਨਾ ਸੁੱਖ।

## ਸ਼ਮਾਂ ਜਲਾਉ ਪਿਆਰ ਦੀ

ਦੁਨੀਆਂ ਦੇ ਵਿੱਚ ਫੈਲਿਆਂ
ਹੈ ਚੌਤਰਫ਼ੇ ਅੰਧਕਾਰ
ਚੱਲਦੀਆਂ ਪਈਆਂ ਗੋਲੀਆਂ
ਬੰਬਾਂ ਦੀ ਧਮਕਾਰ।

ਪਾਏ ਨਕਾਬ ਨੇਤਾਵਾਂ ਨੇ
ਆਤੰਕ ਦਾ ਚਲਦਾ ਰਾਜ
ਧਰਤੀ ਪਈ ਏ ਕੂਕਦੀ
ਹੋ ਗਈ ਭੂਰਿਉਂ ਲਾਲ।

ਕੁੱਖ ਪਵਿੱਤਰ ਨਦੀਆਂ ਦੀ
ਹੋ ਗਈ ਲਾਲੋਂ ਲਾਲ
ਅੰਬਰ ਨੀਲਾ ਹੋ ਗਿਆ ਏ
ਆਹ ਖਲਕਤ ਦੀ ਨਾਲ।

ਹੀਰਿਆ ਵਰਗੀਆਂ ਜ਼ਿੰਦਗੀਆਂ
ਮਿਲ ਰਹੀਆਂ ਵਿੱਚ ਖਾਕ
ਬੰਦਾ ਬਣਿਆ ਬੰਦਾ ਨਹੀਂ
ਅਜੇ ਬਾਂਦਰ ਲੰਡੇ ਵਾਂਗ।

ਬੰਬ ਬੰਦੂਕਾਂ ਨਾਲ ਨਾ
ਹੱਲ ਹੁੰਦੇ ਕਦੇ ਸਵਾਲ
ਐਟਮ ਵਰਤ ਵੀ ਵੇਖਿਆ
ਇਸ ਪਾਗਲ ਇਨਸਾਨ।

ਆਪਣੀਆਂ ਕਰਤੂਤਾਂ ਤੇ ਕਿਉਂ
ਹੁੰਦਾ ਨਹੀਂ ਗਲਤਾਨ
ਹੱਸਦੀਆਂ ਵੱਸਦੀਆਂ ਨਗਰੀਆਂ
ਕਰੇਂ ਸਪੁਰਦੇ ਖਾਕ।

ਕੁਵੈਤ ਦੇ ਕੋਲੋਂ ਪੁੱਛ ਲਉ
ਪੁੱਛ ਲਉ ਕੋਲੋਂ ਇਰਾਨ
ਜਪਾਨ ਦੇ ਕੋਲੋਂ ਪੁੱਛ ਲਉ
ਪੁੱਛੋ ਕੋਲੋਂ ਇਰਾਕ।

ਕੀ ਖੋਇਆ ਕੀ ਪਾਇਆ
ਹੈ ਵੱਡਾ ਇੱਕ ਸਵਾਲ
ਹੋਸ਼ ਕਰੋ ਅਲੰਬਰਦਾਰ ਜੀ
ਰੱਖੇ ਢੇਰ ਬਾਰੂਦ ਸੰਭਾਲ।

ਨਾ ਸੇਕੋ ਮਨ ਸਿਆਸਤ ਦੇ
ਨਾ ਖਾਵੋ ਰੱਤ ਦੇ ਨਾਲ
ਨਾ ਰੋਲੋ ਮਿੱਟੀ ਵਿੱਚ ਜੀ
ਧਰਤੀ ਮਾਂ ਦੇ ਲਾਲ।

ਹੱਥ ਹੋਸ਼ ਨੂੰ ਮਾਰ ਲਉ
ਨਾ ਕਰੂ ਮਾਫ਼ ਇਤਿਹਾਸ
ਤੁਸਾਂ ਖਿੱਚ ਲਕੀਰਾਂ ਦਿੱਤੀਆਂ
ਭਾਈ ਭਾਈ ਵਿਚਕਾਰ।

ਮੇਟ ਦਿਉ ਤੁਸੀਂ ਹੱਦਾਂ ਨੂੰ
ਕਰ ਦਿਉ ਇੱਕ ਸੰਸਾਰ
ਰੰਗ ਮਿੱਟੀ ਲਹੂ ਦਾ ਇੱਕ ਏ
ਕਰ ਸਕਦੇ ਹੋ ਪਹਿਚਾਨ।

ਹੁੰਦੀ ਕਲਮ ਹੈ ਤਕੜੀ
ਜਾ ਬਲਸ਼ਾਲੀ ਤਲਵਾਰ
ਜਾਂ ਨਫ਼ਰਤ ਹੁੰਦੀ ਤਕੜੀ
ਜਾਂ ਬਲਸ਼ਾਲੀ ਹੈ ਪਿਆਰ।

ਬੈਠੋ ਮਿਲਕੇ ਹਾਕਮੋ !
ਤੁਸੀਂ ਕਰੋ ਸੁਹਿਰਦ ਵਿਚਾਰ
ਹੱਲ ਕਰੋ ਤੁਸੀਂ ਮਸਲੇ
ਕਰ ਦਿਉ ਬੰਬ ਬੰਦੂਕਾਂ ਸ਼ਾਂਤ।

ਪੂਛ ਗਾਇਬ ਤਾਂ ਹੋ ਗਈ
ਹੁਣ ਬਣ ਜਾਉ ਇਨਸਾਨ
ਕਦਰ ਕਰੋ ਇਨਸਾਨ ਦੀ
ਕਿਉਂ ਫਿਰਦੇ ਬਣੇ ਹੈਵਾਨ।

ਸੁਣੋ ਅਲੰਬਰਦਾਰੋ ਉਏ !
ਵਿੱਚ ਹਿੰਦ ਤੇ ਪਾਕਿਸਤਾਨ
'ਕੱਠਾ ਕਰੋ ਕਸ਼ਮੀਰ ਨੂੰ
ਤੇ ਕਰੋ ਪੰਜਾਬ ਬੰਗਾਲ।

ਗਲ ਗਲਵੱਕੜੀ ਪਾ ਲਉ
ਦਿਲ ਨੂੰ ਕਰ ਲਉ ਸਾਫ਼
ਦੁਨੀਆਂ ਅੰਦਰ ਕਰਨ ਲਈ
ਖੜੀ ਜੱਬਰ ਇੱਕ ਮਸਾਲ।

ਭੁੱਖ ਗਰੀਬੀ ਅਤੇ ਬਿਮਾਰੀ
ਵੱਲ ਤੁਸੀਂ ਕਰੋ ਧਿਆਨ
ਬਾਰੂਦ ਸਾਰਾ ਦਫ਼ਨਾ ਦਿਉ
ਖੋਲੋ ਸਕੂਲ ਤੇ ਸਿਹਤ ਸਥਾਨ।

ਲਾਮ ਲਸ਼ਕਰ ਦੀ ਫੇਰ ਭਲਾ
ਸਾਨੂੰ ਕੀ ਦਰਕਾਰ
ਸ਼ਮਾਂ ਜਲਾਉ ਪਿਆਰ ਦੀ
ਦੂਰ ਕਰੋ ਹੰਕਾਰ।

# ਉਲਟੇ ਮੁੱਕੇ

ਲਾਲਚ ਵਧ ਗਿਆ ਬੰਦੇ ਦਾ
ਕਰ ਗਿਆ ਹੱਦਾਂ ਪਾਰ
ਕੁਦਰਤ ਵੀ ਪ੍ਰੇਸ਼ਾਨ ਹੈ
ਰਹੀ ਉਲਟੇ ਮੁੱਕੇ ਮਾਰ।

ਕੁਦਰਤ ਅਤੇ ਕਾਦਰ ਨੂੰ
ਬੰਦੇ ਦਿੱਤਾ ਮਨੋਂ ਵਿਸਾਰ
ਭਾਂਡਾ ਭਰ ਗਿਆ ਪਾਪ ਦਾ
ਹੋ ਰਹੀ ਮਾਰੋ ਮਾਰ।

ਬੇਹੋਸ਼ੀ ਜੋ ਤੇਰੀ ਬੰਦਿਆ!
ਕੀਤਾ ਚਹੁੰਪਾਸੀਂ ਖਿਲਵਾੜ
ਤੇਰੇ ਪਾਗ਼ਲਪਨ ਨੇ ਹੀ
ਸੁੰਤੁਲਨ ਦਿੱਤਾ ਵਿਗਾੜ।

ਕਿਧਰੇ ਬੱਦਲ ਫਟ ਰਹੇ
ਤੇ ਕਿਧਰੇ ਆਣ ਭੂਚਾਲ
ਕਿਧਰੇ ਧਰਤੀ ਧਸ ਰਹੀ
ਤੇ ਖਿਸਕੇ ਕਿਤੇ ਪਹਾੜ।

ਕਿਧਰੇ ਨਦੀਆਂ ਆਫਰੀਆਂ
ਹਨ ਕਰਦੀਆਂ ਮਾਰੋਮਾਰ
ਰੱਖ ਦਿੱਤੇ ਪੁਲ ਨੇ ਤੋੜਕੇ
ਹਨ ਦਿੱਤੇ ਰੋੜ ਮਕਾਨ।

ਕਿਧਰੇ ਸੋਕਾ ਮਾਰ ਗਿਆ
ਤੇ ਮਰ ਰਿਹਾ ਕਿਰਸਾਨ
ਖੇਤ ਬਗ਼ੀਚੇ ਸੜ ਗਏ
ਹੋ ਗਈ ਏ ਸੁੰਨਸਾਨ।

ਮਾਰ ਕੁਹਾੜਾ ਰੁੱਖ ਤੇ
ਬਣ ਗਿਆ ਤੂੰ ਧਨਾਢ
ਉਸਾਰ ਜੰਗਲ ਕੰਕਰੀਟ ਦਾ
ਤੂੰ ਦਿੱਤਾ ਮਨੁੱਖ ਉਬਾਲ।

ਨਦੀਆਂ ਹੋ ਬਰਬਾਦ ਗਈਆਂ
ਗੰਦਿਆਂ ਨਾਲਿਆ ਨਾਲ
ਗੰਗਾ ਵਰਗੀ ਮਾਂ ਪਈ
ਹੁਣ ਕਰੇ ਵਿਰਲਾਪ।

ਖੜਾ ਤੂੰ ਕੀਤਾ ਅੱਜ ਹੈ
ਬੜਾ ਹੀ ਅਹਿਮ ਸਵਾਲ
ਫਰਜ਼ੰਦ ਬਚੁਗਾ ਧਰਤ ਦਾ
ਬਿਨ ਮਾਂ ਦੇ ਕਿੰਝ ਪਿਆਰ।

ਆਪੇ ਹੀ ਤੂੰ ਕਰ ਲਈ
ਆਪਣੀ ਕਬਰ ਤਿਆਰ
ਜੇ ਬਚਣਾ ਸੰਜਮ ਕਰ ਲੈ
ਕਰ ਛੋਟਾ ਪਰਿਵਾਰ।

## ਫ਼ੁੱਲ ਸੁਨਿਹਰੀ

ਸੂਰਜਮੁੱਖੀ ਦੇ ਫ਼ੁੱਲਾਂ ਨੂੰ
ਵੇਖ ਬੱਝਦੀਆਂ ਆਸਾਂ
ਸੂਰਜ ਦੇ ਸੰਗ ਜੁੜਿਆਂ ਦੇ
ਮੁੱਖ ਵਿਲੱਖਣ ਹਾਸਾ।

ਹਸਦੀਆਂ ਖ਼ੂਬ ਸੁਨਿਹਰੀ ਪੱਤੀਆਂ
ਕਿਰਣਾਂ ਦੇਣ ਦਿਲਾਸਾ
ਅੰਮ੍ਰਿਤ ਦਾ ਕੁੰਡ ਭਰਿਆ ਫ਼ੁੱਲੀਂ
ਆ ਮੱਖੀਆਂ ਪੀਣ ਪਿਆਲਾ।

ਪਿੜੀ ਵੇਖ ਖਾਂ ਬੀਜ਼ਾਂ ਦੀ
ਕਿਆ ਪਿਆਰਾ ਖਾਸਾ
ਕਿੰਝ ਲਪਟੇ ਗਲ ਇਕ ਦੂਜੇ ਦੇ
ਪਾਕੇ ਆਪਣੀਆਂ ਬਾਹਾਂ।

ਮੱਖੀਆਂ ਰਸ ਪੀ ਉੱਡੀਆ ਜਾਵਣ
ਤੇ ਫ਼ੁੱਲੋਂ ਲਏ ਪਰਾਗਾ
ਝਾੜੀਆਂ ਰੁਖੀਂ ਛੱਤੇ ਪਾਏ
ਵਿਚ ਜਾ ਪਾਨ ਮਿਠਾਸਾਂ।

ਰੂਹਾਂ ਲੈਣ ਹੁਲਾਰੇ ਏਥੋਂ
ਝੱਟ ਪਲਟਦਾ ਪਾਸਾ
ਇੰਝ ਜਾਪਦਾ ਅੱਲਾ ਨੇ
ਸੂਰਜ ਧਰਤ ਲਿਆਂਦਾ।

ਡੁੱਲ ਡੁੱਲ ਪੈਂਦਾ ਨੂਰ ਫ਼ੁੱਲਾਂ ਤੋਂ
ਫ਼ੁੱਲਾਂ ਝੂਮਰ ਪਾਤਾ
ਰੰਗ ਸੁਨਿਹਰੀ ਹਰੀਆਂ ਪੱਤੀਆਂ
ਘੁੱਟਕੇ ਜੱਫ਼ੀਆਂ ਪਾਂਦਾ।

ਜਿਚਰ ਸੂਰਜ ਚਮਕਾਂ ਮਾਰੇ
ਤਦ ਤਾਂਈਂ ਫ਼ਰਜ਼ ਨਿਭਾਂਦਾ
ਸੰਧਿਆ ਹੋਈ ਤੋ ਫ਼ਹਿਤ ਬੁਲਾਕੇ
ਤੁਰ ਨੀਂਦ ਆਗੋਸ਼ੇ ਜਾਂਦਾ।

ਵੰਡੇ ਸੁਨੇਹਾ ਹੱਸਦਿਆਂ ਹੋਇਆਂ
ਸਭ ਨੂੰ ਸਾਂਝਾ ਵਾਲਾ
ਤੂੰ ਮਨੇਸਾ ਇੰਜ ਦਿਲੇ ਦੀ
ਸਾਂਝ ਅੱਲਾ ਥੀਂ ਪਾ ਲਾ।

ਕਾਲੇ ਆਪਣੇ ਰੰਗ ਵਿੱਚ
ਕਿਨਕੁ ਸੁਨਿਹਰੀ ਪਾ ਲਾ
ਫੇਰ ਝਲਕਣਾ ਵੇਖੀਂ ਮੁੱਖ ਤੋਂ
ਨੂਰ ਮਸਤੀਆਂ ਵਾਲਾ।

## ਹਰੀ ਲਹਿਰ

ਅੱਜ ਮੇਰਾ ਪੰਜਾਬ ਹੈ
ਲੱਗਾ ਸੋਹਣੇ ਬੂਟੇ ਲਾਣ
ਖ਼ਾਲੀ ਪਈਆਂ ਥਾਵਾਂ ਅੰਦਰ
ਲੱਗਾ ਫੂਕਣ ਜਾਨ।

ਬੇਦਰਦ ਕੁਹਾੜੇ ਨਿਗਲ ਲਈ
ਸੀ ਰੁੱਖਾਂ ਦੀ ਜੀਰਾਂਦ
ਕੰਨੋਬੁੱਚੀ ਹੋਈ ਧਰਤ ਨੂੰ
ਲੱਗ ਪਿਆ ਅੱਜ ਸਜਾਣ।

ਕੰਕਰੀਟ ਦੇ ਪਸਰੇ ਜੰਗਲ ਨੇ
ਹੱਦੋਂ ਵਧਾਇਆ ਤਾਪ
ਬੰਦਾ ਬਣਿਆ ਲਾਸ਼ ਸੀ
ਹੱਡੀਂ ਪਾਏ ਕਾਣ।

ਜੂਹਾਂ ਪਰਿੰਦੇ ਛੱਡ ਗਏ
ਲੰਘੇ ਹੱਦੋਂ ਪਾਰ
ਬਹਿਰੇ ਹੋ ਗਏ ਕੰਨਾਂ ਨੂੰ
ਦੇਵੇ ਕੌਣ ਅਰਾਮ।

ਅੱਜ ਨੀਂਦ ਤੋਂ ਜਾਗਿਆ
ਰੰਗਲਾ ਮੇਰਾ ਪੰਜਾਬ
ਔਕਾਤ ਸਮਝ ਲਈ ਰੁੱਖ ਦੀ
ਹਨ ਅੰਮ੍ਰਿਤ ਭੰਡਾਰ।

ਰੁੱਖਾਂ ਉੱਤੇ ਗਾਉਣ ਪ੍ਰਿੰਦੇ
ਘੋਲਣ ਫਿਜ਼ਾ ਮਠਾਸ
ਕੁਦਰਤ ਜਾਪੇ ਨੱਚਦੀ
ਕਾਦਰ ਦਾ ਪਾ ਸਾਥ।

ਸੁੰਨੇ ਤਪਦੇ ਰਾਹਾਂ ਨੂੰ
ਛਾਂ ਦੀ ਦੇਣ ਸੁਗਾਤ
ਥੱਕੇ ਟੁੱਟੇ ਰਾਹੀਆਂ ਦੇ
ਤਾਜ਼ੇ ਕਰਨ ਪ੍ਰਾਣ।

ਕਾਦਰ ਦੇ ਜੋ ਬੰਦੇ ਨੇ
ਥੱਲੇ ਆਸਣਾ ਲਾਣ
ਨਾਲ ਖ਼ੁਦਾ ਦੇ ਮਿਲਦੇ
ਬਹਿੰਦੇ ਵਿਚ ਧਿਆਨ।

ਪੀਰ ਫ਼ਕੀਰਾਂ ਨਬੀਆਂ ਨੇ
ਗਾਇਆ ਹੈ ਗੁਣਗਾਨ
ਕਰਦੇ ਰਹੇ ਧਿਆਨ ਵਿਚ
ਰੁੱਖਾਂ ਦੀ ਜੀਰਾਂਦ।

ਵਧ ਚੜ ਕੇ ਨੇ ਕਰ ਰਹੇ
ਦਾਨੀ ਮਾਇਆ ਦਾਨ
ਉਦਾਸ ਹੋ ਗਈ ਧਰਤ ਦੀ
ਮੁੜਨ ਲੱਗੀ ਮੁਸਕਾਨ।

ਹੁਣ ਪਰਤ ਕੇ ਚਿੜੀਆਂ ਆਣਾ
ਹਰੀਅਲ ਆਣੀ ਡਾਰ
ਫੁਦਕਣੀਆਂ ਨੇ ਬੁਲਬੁਲਾਂ
ਪੈਲਾਂ ਪਾਊ ਗਟਾਰ।

ਹਰਿਆਵਲ ਚੱਲੀ ਲਹਿਰ ਹੈ
ਵਿੱਚ ਆਪਣੇ ਪੰਜਾਬ
ਲੋਕ ਲਹਿਰ ਹੁਣ ਚੱਲ ਪਈ
ਚੱਲੀ ਹੈ ਸਰਕਾਰ।

ਹੁਣ ਆਉਣੀ ਹੈ ਪਰਤ ਕੇ
ਵਿੱਚ ਪੰਜਾਬ ਬਹਾਰ
ਖੁਸ਼ੀਆਂ ਖੇੜਿਆਂ ਪਰਤਣਾ
ਨਵੀਉ ਨਵੀਂ ਬਹਾਰ।

ਰੁੱਖ ਮਾਂ ਪਿਉ ਵਾਂਗੂੰ ਲੱਗਣੇ
ਤੇ ਪੁੱਤ ਭਰਾਵਾਂ ਵਾਂਗ
ਕੁੱਟ ਖਵਾਣੀ ਕਾਵਾਂ ਚੂਰੀ
ਸ਼ਿਵ ਦੀ ਦਾਦੀ ਵਾਂਗ।

ਰੁੱਖਾਂ ਬਾਝ ਵੀਰਾਨ ਏ
ਧਰਤ ਦੀ ਨੁਹਾਰ
ਪੋਤੂਸ਼ਾਹੀ ਲੋਲਾਬੇ ਵੇਖ ਲਉ
ਕੁਦਰਤ ਕਰਦੀ ਰਾਜ।

## ਮਣੀਆਂ !

ਕਾਵਿ ਕਿਆਰੀਆਂ ਮਣੀਆਂ ਵਾਂਗੂੰ
ਨੋਕ ਕਲਮ ਥੀਂ ਝਰੀਆਂ
ਕੁੰਗੂ ਵਾਂਗੂੰ ਪਾਕ ਪਵਿੱਤਰ
ਜਿਉਂ ਬਰਸਾਤੀ ਕਣੀਆਂ।

ਰੰਗ ਬਰੰਗੇ ਫ਼ੁੱਲਾਂ ਵਾਂਗੂੰ
ਖ਼ੁਸ਼ਬੂਆਂ ਨਾਲ ਭਰੀਆਂ
ਮਾਖਿਓ ਵਾਂਗੂੰ ਸ਼ਬਦ ਰਸੀਲੇ
ਅੰਮ੍ਰਿਤ ਦੇ ਨਾਲ ਭਰੀਆਂ।

ਜ਼ਰਖੇਜ਼ ਦਿਲੇ ਦੀ ਭੂਮੀ ਵਿੱਚੋਂ
ਉਮੜ ਉਮੜ ਕੇ ਵਰੀਆਂ
ਕੀ ਫੁੱਟਣਾਂ ਮਣੀਆਂ ਨੇ ਓਥੇ
ਜੋ ਰੂਹਾਂ ਨਾ ਰੱਜੀਆਂ।

ਦਿਲ ਦਰਿਆ ਸਮੁੰਦਰੋਂ ਬੱਦਲਾਂ
ਟਪਕ ਟਪਕ ਕੇ ਜਣੀਆਂ
ਕਾਦਰ ਤੇ ਕੁਦਰਤ ਦੀ ਰਹਿਮਤ
ਹੋਈਆਂ ਕਾਵਿ ਕਿਆਰੀਆਂ ਹਰੀਆਂ।

ਇੱਕ ਮਣੀ ਵਿੱਚ ਸੌ ਸੌ ਮਣੀਆਂ
ਸੌ ਵਿੱਚ ਇੱਕੋ ਮਣੀਆਂ
ਪ੍ਰੇਮ ਰਸੋਂ ਜੋ ਝਰੀਆਂ ਕਣੀਆਂ
ਓਹੀ ਬਣੀਆਂ ਮਣੀਆਂ।

ਹਿਰਦਿਆਂ ਅੰਦਰ ਠੰਡਾਂ ਪਾਵਣ
ਰੂਹਾਂ ਹੋਵਣ ਖਰੀਆਂ
ਜਦ ਰਹਿਮਤ ਦੀ ਬਾਰਿਸ਼ ਹੋਵੇ
ਬਣਕੇ ਵਹਿੰਦੀਆਂ ਨਦੀਆਂ।

ਮੈਲ ਦਫ਼ਨ ਜਦ ਹੋਈ ਕਬਰੇ
ਬਣ ਖ਼ੁਸ਼ਬੋਆਂ ਵਗੀਆਂ
ਲੱਗੀ ਰੂਹ ਹੁਲਾਰੇ ਮਾਰਨ
ਜਦ ਵਾਂਗ ਖ਼ੁਮਾਰੀ ਚੜੀਆਂ।

ਵਿੱਚ ਰਵਾਨੀ ਕਾਨੀ ਚੱਲ ਪਈ
ਨਾ ਝੱਲੀਆਂ ਫਿਰ ਤੜੀਆਂ
ਵਾਂਗ ਨਗੀਨੇ ਚਮਕਾਂ ਵੱਜੀਆਂ
ਜਦ ਕਲਮ ਕਾਗਜ਼ੇ ਜੜੀਆਂ।

ਅੱਖਰ ਅੱਖਰ ਜੁੜਕੇ ਚੱਲਿਆ
ਜੁੜ ਜੁੜ ਬਣੀਆਂ ਲੜੀਆਂ
ਲੜੀਆਂ ਜੁੜਕੇ ਕੜੀਆਂ ਬਣੀਆਂ
ਕੜੀਆਂ ਜੁੜ ਜੁੜ ਮਣੀਆਂ।

ਰਾਗ ਇਲਾਹੀ ਗੁਰੂਆਂ ਗਾਇਆ
ਫ਼ੁੱਲ ਝਰੇ ਤੇ ਕਲੀਆਂ
ਸੰਦੇਸ਼ ਪਿਆਰਾ ਵੱਡਾ ਦਿੱਤਾ
ਪੀਰ ਫਕੀਰਾਂ ਨਬੀਆਂ।

ਮਨੇਸ ਘੁਮੱਕੜ ਘੁੰਮ ਕੇ ਗਾਹੀਆਂ
ਦੀਨ ਦੁਨੀ ਦੀਆਂ ਗਲੀਆਂ
ਕਾਦਰ ਤੇ ਕੁਦਰਤ ਦੀ ਰਹਿਮਤ
ਕਾਵਿ ਕਿਆਰੀਆਂ ਭਰੀਆਂ।

ਅੱਡ ਅੱਡ ਰੰਗ ਸਵਾਦਾਂ ਭਰੀਆਂ
ਨੀਲੀਆਂ ਚਿੱਟੀਆਂ ਜ਼ਰਦੀ ਹਰੀਆਂ
ਕਾਦਰ ਤੇ ਕੁਦਰਤ ਦੀ ਬੁੱਕਲੋਂ
ਕਾਨੀਂ ਕੱਢ ਲਿਆਈ ਮਣੀਆਂ।

*******************